*ਸੰਪਾਦਕੀ*

# ਕੁਦਰਤੀ ਆਫ਼ਤ 'ਚ ਘਿਰੀ ਮਨੁੱਖੀ ਜ਼ਿੰਦਗੀ

ਮਾੜੇ ਦੌਰ ਦੌਰਾਨ ਅਕਸਰ ਬੋਲ ਸੁਣਨ ਨੂੰ ਮਿਲਦੇ ਹਨ- ਜ਼ਿੰਦਗੀ ਤਾਂ ਪੱਟੜੀ ਤੋਂ ਲਹਿ ਗਈ। ਪਰ ਕੁਦਰਤ ਦੇ ਭਾਣੇ 'ਚ ਅਜਿਹਾ ਖ਼ਤਰਨਾਕ ਵਰਤਾਰਾ ਹੋ ਜਾਵੇ ਤਾਂ ਪੱਟੜੀ ਦਾ ਵੀ ਨਾਮੋ ਨਿਸ਼ਾਨ ਮਿਟ ਜਾਵੇ ਤਾਂ ਜ਼ਿੰਦਗੀ ਜੀਣ ਦੀ ਕਿੰਨੀ ਕੁ ਆਸ ਬਚਦੀ ਹੈ। ਕੁੱਝ ਅਜਿਹਾ ਹੀ ਅਗਸਤ 2025 ਵਿਚ ਵਾਪਰਿਆ। ਮਹੀਨੇ ਤੋਂ ਵੀ ਲੰਮਾ ਅਰਸਾ ਪਹਾੜਾਂ 'ਤੇ ਗਹਿਗੱਚ ਬਾਰਸ਼ ਹੁੰਦੀ ਰਹੀ ਤਾਂ ਮਾਰ ਪੰਜਾਬ ਨੂੰ ਸਹਿਣੀ ਪਈ। ਰਾਵੀ, ਬਿਆਸ, ਸਤਲੁੱਜ ਸ਼ੂਕਦੇ ਰਹੇ। ਪਾਣੀ ਦੀਆਂ ਛੱਲਾਂ ਇੰਨੇ ਗੁੱਸੇ ਵਿੱਚ ਸਨ ਕਿ ਪੰਜਾਬ ਦੇ ਪਠਾਨਕੋਟ, ਹੁਸ਼ਿਆਰਪੁਰ, ਗੁਰਦਾਸਪੁਰ, ਤਰਨਤਾਰਨ, ਕਪੂਰਥਲਾ ਫਿਰੋਜ਼ਪੁਰ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਵਿੱਚ ਹੜ੍ਹ ਦੀ ਭਿਆਨਕ ਤਬਾਹੀ ਦਾ ਦ੍ਰਿਸ਼ ਨਜ਼ਰੀਂ ਪਿਆ। ਤਕਰੀਬਨ ਦੋ ਹਜ਼ਾਰ ਪਿੰਡ ਹੜ੍ਹ ਦੀ ਲਪੇਟ ਵਿੱਚ ਆ ਗਏ। ਲਗਭਗ 198525 ਹੈਕਟੇਅਰ ਫਸਲੀ ਰਕਬਾ ਪ੍ਰਭਾਵਿਤ ਹੋਇਆ। ਹਜ਼ਾਰਾਂ ਪਸ਼ੂ ਮੌਤ ਦੇ ਮੂੰਹ 'ਚ ਜਾ ਪਏ।

ਮੰਡ ਏਰੀਏ 'ਚ ਭਾਰੀ ਬਰਬਾਦੀ ਨੇ ਮੰਡ ਦੇ ਘਰਾਂ 'ਚ ਰਹਿੰਦੇ ਲੋਕਾਂ ਨੂੰ ਬੇ ਘਰੇ ਬਣਾ ਦਿੱਤਾ। ਕੁੱਝ ਲੋਕਾਂ ਨੇ ਧੁੱਸੀਆਂ 'ਤੇ ਡੇਰੇ ਲਾ ਲਏ, ਤਰਪਾਲਾਂ ਦੀ ਮਦਦ ਨਾਲ ਅਸਥਾਈ ਰੈਣ ਬਸੇਰੇ ਉਸਾਰ ਲਏ। ਅਜਿਹੇ ਦੌਰ ਵਿੱਚ ਪੰਜਾਬੀਆਂ ਦੇ ਜਜ਼ਬੇ ਨੂੰ ਸਲਾਮ ਕਰਨੀ ਬਣਦੀ ਹੈ। ਗਿਆਰਾਂ ਹਜ਼ਾਰ ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਂਵਾਂ 'ਤੇ ਪਹੁੰਚਾਇਆ ਗਿਆ। ਪੰਜਾਬੀਆਂ ਨੇ ਪ੍ਰਭਾਵਿਤ ਲੋਕਾਂ ਲਈ ਲੋੜੀਂਦੇ ਥਾਂਵਾਂ 'ਤੇ ਲੰਗਰ ਲਾਏ, ਉਹ ਵੀ ਪੂਰਾ ਦਿਲ ਖੋਲ੍ਹ ਕੇ।

ਹੜ੍ਹਾਂ ਉਪਰ ਪਹਿਲਾਂ ਵਾਂਗ ਹੀ ਕੋਝੀ ਰਾਜਨੀਤੀ ਚਲਦੀ ਰਹੀ। ਕੋਈ ਪੰਜਾਬ ਸਰਕਾਰ ਨੂੰ ਨਿਸ਼ਾਨਾ ਬਣਾਉਂਦੇ ਅਤੇ ਕੁਝ ਲੋਕ ਕੇਂਦਰ ਸਰਕਾਰ ਅਧੀਨ ਭਾਖੜਾ-ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐਮ.ਬੀ.) ਨੂੰ ਨਿੰਦਦੇ ਹੋਏ ਕਹਿੰਦੇ ਹਨ ਕਿ ਜੂਨ ਵਿੱਚ ਸਮੇਂ ਸਿਰ ਪਾਣੀ ਛੱਡਿਆ ਹੁੰਦਾ ਤਾਂ ਤਬਾਹੀ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਸੀ। ਅਜਿਹੇ ਮਾੜੇ ਵਕਤ ਜਦੋਂ ਪ੍ਰਭਾਵਿਤ ਲੋਕਾਂ ਕੋਲ ਨਾ ਫਸਲ ਰਹੀ, ਨਾ ਘਰ ਰਿਹਾ, ਨਾ ਪਸ਼ੂਧਨ ਬਚਿਆ ਤਾਂ ਆਮ ਲੋਕਾਂ ਨੇ ਆਪਣਿਆਂ ਦੇ ਹੰਝੂ ਪੂੰਝੇ। ਗਾਇਕਾਂ ਅਤੇ ਕਲਾਕਾਰਾਂ ਨੇ ਆਪਣੇ ਬਟੂਏ ਦੁਖੀ ਜਨਤਾ ਲਈ ਖੋਹਲਣ ਦਾ ਐਲਾਨ ਕਰ ਦਿੱਤਾ। ਪੰਜਾਬ ਸਰਕਾਰ ਦੇ ਮੰਤਰੀਆਂ ਨੇ ਇੱਕ ਮਹੀਨੇ ਦੀ ਤਨਖਾਹ ਦਾ ਯੋਗਦਾਨ ਪਾਇਆ। ਆਬਕਾਰੀ ਤੇ ਕਰ ਵਿਭਾਗ ਦੇ ਕਰਮਚਾਰੀਆਂ ਨੇ ਇੱਕ ਦਿਨ ਦੀ ਤਨਖਾਹ ਮੁੱਖ ਮੰਤਰੀ ਦੇ ਰਿਲੀਫ਼ ਫੰਡ ਵਿੱਚ ਪਾਈ। ਹੋਰ ਵਿਭਾਗਾਂ ਦੇ ਕਰਮਚਾਰੀਆਂ ਵੀ ਯੋਗਦਾਨ ਪਾਇਆ। ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਅਤੇ



ਐਸ.ਐਸ.ਪੀ. ਮਨਿੰਦਰ ਸਿੰਘ ਵੱਲੋਂ ਵਗਦੇ ਪਾਣੀਆਂ 'ਚ ਟਰੈਕਟਰ-ਟਰਾਲੀਆਂ 'ਤੇ ਸਵਾਰ ਹੋ ਕੇ ਡੂੰਘੇ ਪਾਣੀਆਂ 'ਚ ਘਿਰੇ ਲੋਕਾਂ ਦੀ ਸਾਰ ਲੈਣ ਲਈ ਪੂਰੀ ਤਨਦੇਹੀ ਨਾਲ ਨਿਭਾਈ ਡਿਊਟੀ ਦਾ ਜ਼ਿਕਰ ਦੇਸ਼-ਵਿਦੇਸ਼ ਵਿੱਚ ਸੁਣਨ ਨੂੰ ਮਿਲਿਆ।

ਬਹੁਤੇ ਰਾਜਸੀ ਆਗੂਆਂ ਬਿਆਨ ਦਾਗਣ ਦਾ ਮੌਕਾ ਹੱਥੋਂ ਨਿਕਲਣ ਨਹੀਂ ਦਿੱਤਾ। ਪੰਜਾਬ ਦੇ 117 ਵਿਧਾਇਕਾਂ ਵਿੱਚੋਂ 87 ਵਿਧਾਇਕ ਕਰੋੜਪਤੀ ਹਨ। ਕੈਬਨਿਟ ਮੰਤਰੀ ਅਮਨ ਅਰੋੜਾ ਦੀ 95.12 ਕਰੋੜ, ਪ੍ਰਤਾਪ ਬਾਜਵਾ ਕੋਲ 36.19 ਕਰੋੜ ਦੀ ਸੰਪਤੀ, ਅਮਰਿੰਦਰ ਸਿੰਘ ਰਾਜਾ ਵੜਿੰਗ ਪਾਸ 15.11 ਕਰੋੜ, ਰਾਣਾ ਗੁਰਜੀਤ ਸਿੰਘ ਪਾਸ 125 ਕੋਰੜ ਦੀ ਸੰਪਤੀ। ਸਭ ਤੋਂ ਵੱਧ ਸੁਖਬੀਰ ਬਾਦਲ 202.64 ਕੋਰੜ ਸੰਪਤੀ ਦਾ ਮਾਲਕ ਹੈ। ਮੁੱਖ ਮੰਤਰੀ ਭਗਵੰਤ ਮਾਨ ਕੋਲ 1.97 ਕਰੋੜ ਦੀ ਜਾਇਦਾਦ ਹੈ। ਪਰ ਇਹ ਨੇਤਾ ਦਾਨ ਕਰਨ ਦੀ ਥਾਂ ਰਾਜਨੀਤੀ ਕਰਦੇ ਹਨ।

ਪ੍ਰਭਾਵਿਤ ਲੋਕਾਂ ਲਈ ਜ਼ਿੰਦਗੀ ਆਮ ਵਾਂਗ ਹੋਣੀ ਸ਼ੁਰੂ ਹੋ ਗਈ ਹੈ। ਵੱਡਾ ਜਿਗਰਾ ਹੈ ਅਜਿਹੇ ਪੰਜਾਬੀਆਂ ਦਾ। ਪੰਜਾਬ ਸਰਕਾਰ ਨੇ 2300 ਪ੍ਰਭਾਵਿਤ ਪਿੰਡਾਂ ਦੀਆਂ ਨੁਕਸਾਨੀਆਂ ਫਸਲਾਂ ਲਈ 20,000 ਰੁਪਏ ਪ੍ਰਤੀ ਏਕੜ ਖਰਾਬੇ ਦੀ ਰਕਮ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਹਿਜ਼ 1600 ਕਰੋੜ ਦੀ ਰਕਮ ਐਲਾਨੀ। ਸੋਚਣਾ ਚਾਹੀਦਾ ਹੈ -

ਦੇਸ਼ ਦਾ ਪੇਟ ਭਰਦਾ ਹੈ ਪੰਜਾਬ<br>
ਹੜ੍ਹ 'ਚ ਡੁੱਬਦਾ ਹੈ ਪੰਜਾਬ<br>
ਹਾਕਮ ਕਰਦੇ ਨਜ਼ਰ ਅੰਦਾਜ਼।

**-ਪ੍ਰੋ. ਸਤਵਿੰਦਰ ਬੇਗੋਵਾਲੀਆ**
**ਸੰਪਰਕ 98154-65620**

# ਕਾਵਿ ਸੰਸਾਰ

## ਨਸੀਹਤਨਾਮਾ




ਡਿਜੀਟਲ ਖਿਲਾਰਿਆਂ ਵਿੱਚ ਨਾ ਪੈ
ਨਿਰਮਲ ਪਾਣੀਆਂ ਵਾਂਗੂ ਵਜਦ ਵਿਚ ਵਹਿ
ਫੇਸਬੁੱਕਾਂ ਵਟਸਐਪਾਂ ਦੀ ਬੋਲੀ ਨਾ ਬੋਲ
ਜੋ ਕਹਿਣੈਂ ਢਿੱਡੋਂ ਅਤੇ ਦਿਲੋਂ ਕਹਿ
ਬੈਂਕਾਂ ਬਾਜ਼ਾਰਾਂ ਉੱਤੇ ਬਹੁਤਾ ਨਾ ਹੁੱਬ
ਜਿਸਮਾਂ ਵਿੱਚ ਜ਼ਿਆਦਾ ਨਾ ਲਹਿ
ਬਦੀਆਂ ਤੇ ਬੁਰਾਈਆਂ ਨਾਲ ਲੈ ਟੱਕਰ
ਗ਼ਰਜਾਂ ਦੇ ਯੁੱਧ ਵਿੱਚ ਏਦਾਂ ਨਾ ਢਹਿ
ਬਹੁਤ ਗਹਿਰਾ ਅਹਿਸਾਸਾਂ ਦਾ ਸਮੁੰਦਰ
ਫਰੋਲ ਇਸਦੀ ਇਕੱਲੀ ਇਕੱਲੀ ਤਹਿ
ਪਰਵਾਜ਼ ਨੂੰ ਨੀਲੇ ਅੰਬਰਾਂ ਤੀਕ ਫੈਲਾਅ
ਬਾਬਰਾਂ ਅਬਦਾਲੀਆਂ ਨਾਲ ਖਹਿਬੜ ਤੇ ਖਹਿ
ਪੌਂਡਾਂ ਡਾਲਰਾਂ ਦਾ ਪੱਕਾ ਪਰਵਾਸ ਹੈ ਇਹ
ਇਸਨੂੰ ਸਬਰ ਤੇ ਸਿਦਕ ਨਾਲ ਸਹਿ

**ਪ੍ਰੋ. ਕੁਲਵੰਤ ਸਿੰਘ ਔਜਲਾ**
ਮੋ 84377-88856

◆◆◆

## ਕਾਫਲਾ ਤੇ ਮਸ਼ਾਲਾਂ



ਕਿੰਨੀਆਂ ਜ਼ਮੀਨਾਂ ਵਿੱਕੀਆਂ
ਬਦਲੇ ਹਲਾਤ ਬਦਲੇ
ਕਿੰਨੀਆਂ ਜ਼ਮੀਰਾਂ ਵਿੱਕੀਆਂ
ਦਮੜਿਆਂ-ਕੁਰਸੀਆਂ ਬਦਲੇ
ਬਿਆਂ ਕਰ ਫਕੀਰੀਆ ਮੌਸਮਾਂ ਦਾ ਮਿਜ਼ਾਜ
ਬਦਲੇਗਾ ਨਿਜ਼ਾਮ ਗਰ ਬੰਦਾ ਨਾ ਬਦਲੇ
ਜਦੋਂ ਮਿਲਿਆ ਉਹ ਹਿੰਦੂ, ਸਿੱਖ
ਜਾਂ ਮੁਸਲਮਾਨ ਮਿਲਿਆ
ਯਾ ਖੁਦਾ, ਬੰਦਾ ਮਿਲਿਆ
ਨਾ ਕਿਤੇ ਇਨਸਾਨ ਮਿਲਿਆ
ਜਦੋਂ ਜ਼ੁਲਮ ਦੀ ਇੰਤਹਾ ਹੋ ਜਾਵੇ



ਜ਼ਾਲਮ- ਮਨੁੱਖ ਤੋਂ ਮੁਨਕਰ ਹੋ ਜਾਵੇ
ਤਾਂ ਚੱਪਾ ਕੁ ਧਰਤੀ ਹਿੱਲਦੀ ਉਦੋਂ
ਜਦ ਚੌਕੀਦਾਰ ਹੀ ਚੋਰ ਹੋ ਜਾਵੇ
ਉਨ੍ਹਾਂ ਦਾ ਭੀੜਤੰਤਰ
ਕਿੰਨਾ ਡਰਾਉਂਦਾ ਹੈ
ਕੇਹਾ ਜਾਦੂਗਰ, ਆਦਮੀ ਨੂੰ
ਆਦਮੀ ਨਾਲ ਲੜਾਉਂਦਾ ਹੈ
ਪਰ ਨਹੀਂ ਮਨਜ਼ੂਰ ਅਸਾਨੂੰ
ਅਜਾਈਂ ਮੌਤੇ ਮਰਨਾ
ਬਾਲ ਕੇ ਮਸ਼ਾਲਾਂ ਕਾਫਲਾ
ਤੁਰਿਆ ਆਉਂਦਾ ਹੈ

**ਸੁਖਮਿੰਦਰ ਸੇਖੋਂ**
**ਮੋਬਾਈਲ** : 98145-07693

◆◆◆

## ਚਿੱਠੀ

ਚਿੱਠੀ ਵਿੱਚ ਉਡੀਕ ਸੀ ਹੁੰਦੀ
ਚਿੱਠੀ ਵਿੱਚ ਤਰੀਕ ਸੀ ਹੁੰਦੀ
ਚਿੱਠੀ ਰੀਝਾਂ ਵਲਵਲਿਆਂ ਦੀ
ਸੋਹਣਾ ਇਕ ਪ੍ਰਤੀਕ ਸੀ ਹੁੰਦੀ
ਚਿੱਠੀ ਵਿੱਚ ਉਡੀਕ ਸੀ ਹੁੰਦੀ

ਚਿੱਠੀ ਵਿੱਚ ਸੀ ਰੋਸੇ ਹਾਸੇ
ਚਿੱਠੀ ਵਿੱਚ ਸੀ ਦਿਲੀ ਦਿਲਾਸੇ
ਚਿੱਠੀ ਵਿੱਚ ਸੀ ਜਜ਼ਬਾ ਹੁੰਦਾ
ਸਾਹ ਲੈਂਦੀ ਪ੍ਰਤੀਤ ਸੀ ਹੁੰਦੀ
ਚਿੱਠੀ ਵਿੱਚ ਉਡੀਕ ਸੀ ਹੁੰਦੀ

ਚਿੱਠੀ ਵਿੱਚ ਇਕ ਘਰ ਹੁੰਦਾ ਸੀ
ਸਾਂਝਾਂ ਦਾ ਇਕ ਦਰ ਹੁੰਦਾ ਸੀ
ਵਸਦੇ ਘਰਾਂ 'ਚ ਫੇਰਾ ਪਾਉਂਦੀ
ਸੱਚੀ -ਸੁੱਚੀ ਪ੍ਰੀਤ ਸੀ ਹੁੰਦੀ
ਚਿੱਠੀ ਵਿੱਚ ਉਡੀਕ ਸੀ ਹੁੰਦੀ

ਚਿੱਠੀ ਦਾ ਹਰ ਸ਼ਬਦ ਕਹਾਣੀ

ਚਿੱਠੀ ਸੀ ਹਰ ਦਿਲ ਦੀ ਰਾਣੀ
ਚਿੱਠੀ ਦਿਲਾਂ 'ਤੇ ਰਾਜ ਕਰੇਂਦੀ
ਵਿਰਸੇ ਦੀ ਸੁਭ ਰੀਤ ਸੀ ਹੁੰਦੀ
ਚਿੱਠੀ ਵਿੱਚ ਉਡੀਕ ਸੀ ਹੁੰਦੀ

ਕਦੇ ਕਦੇ ਹੁਣ ਚਿੱਠੀ ਆਵੇ
ਰੂਹਾਂ ਵਿੱਚ ਸਰੂਰ ਜਗਾਵੇ
ਭਾਵੁਕਤਾ ਸੰਗ ਮਨ ਮਹਿਕਾਉਂਦੀ
ਚਿੱਠੀ ਇਕ ਮਨ ਮੀਤ ਸੀ ਹੁੰਦੀ
ਚਿੱਠੀ ਵਿੱਚ ਉਡੀਕ ਸੀ ਹੁੰਦੀ

**ਡਾ ਸਰਦੂਲ ਸਿੰਘ ਔਜਲਾ**
**ਪਿੰਡ ਤੇ ਡਾ ਸੰਗੋਜਲਾ (ਕਪੂਰਥਲਾ) -144804**
**98141-68611**

◆◆◆

## ਮੈਂ ਦਾ ਸਫ਼ਰ

ਆਖਰ ਉਹ ਇਕ ਨਦੀ ਸੀ
ਥੋੜ੍ਹੇ ਜਲ ਦੀ ਮਛਲੀ ਜੇਹੀ
ਤੇ ਇਹ
ਵਸੀਹ,ਵਿਸ਼ਾਲ,ਭਰਿਆ-ਭਰੁੱਚਾ
ਅਥਾਹ, ਅਨੰਤ ਸਮੁੰਦਰ!

ਜਦੋਂ ਨਦੀ ਦੀ ਹੋਂਦ ਨੇ
ਠਾਠਾਂ ਮਾਰਦੇ ਸਮੁੰਦਰ 'ਚ
ਸਮੋਅ ਜਾਣਾ ਚਾਹਿਆ
ਵਹਿੰਦੀ ਰਹੀਂ ਬੇਰੋਕ
ਨਾਗ਼ -ਵਲ਼ ਖਾਂਦੀ
ਮਚਲਦੀ ਰਹੀ
ਆਪਣੀ ਹੀ ਹਉਮੈਂ ਦੇ ਅੰਦਰ
ਆਪਣੇ ਹੀ ਹੱਦਾਂ-ਬੰਨਿਆਂ
ਸੀਮਤ ਦਾਇਰਿਆਂ 'ਚ ਹੋ ਕੇ ਕੈਦ

ਸ਼ੋਰ ਬੈਠੀ ਉਛਲ-ਉਛਲ
ਆਪਣੇ ਖ਼ੁਦ ਦੇ ਕੰਢੇ-ਕਿਨਾਰੇ
ਤੇ ਹੋ ਗਈ ਭਸਮ
ਆਪਣੀ ਹੀ ਮੈਂ ਦੀ ਅੱਗ ਵਿੱਚ



ਆਖ਼ਰ ਉਹ ਇਕ ਨਦੀ ਸੀ
ਥੋੜ੍ਹੇ ਜਲ ਦੀ ਮਛਲੀ ਜੇਹੀ
ਤੇ ਇਹ ..
ਵਸੀਹ, ਵਿਸ਼ਾਲ ,ਭਰਿਆ-ਭਰੁੱਚਾ
ਅਥਾਹ, ਅਨੰਤ ਸਮੁੰਦਰ !

**ਸੁਰਿੰਦਰ ਮਕਸੂਦਪੁਰੀ**
**234,ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ-144021**
**ਮੋ 99887-10234**

◆◆◆

## ਰੱਬ ਦੇ ਬੰਦੇ

ਤੂਫ਼ਾਨ ਕਦੋਂ
ਦੱਸ ਕੇ ਆਉਂਦੇ ਨੇ
ਕਿਸੇ ਨੂੰ

ਉਹ ਤਾਂ ਬਸ
ਸ਼ਾਂਤ ਪਾਣੀਆਂ ਚ
ਲਹਿਰਾਂ ਬਣ
ਉੱਠ ਆਉਂਦੇ ਨੇ

ਅਠਖੇਲੀਆਂ ਕਰਦਾ ਬੰਦਾ
ਉਹਨਾਂ ਦੀਆਂ ਘੁੰਮਣ ਘੇਰੀਆਂ ਚ
ਗੁਆਚ ਜਾਂਦਾ ਹੈ
ਕੋਈ ਵਿਰਲਾ ਹੀ
ਹਿੰਮਤ ਰੱਖਦਾ
ਉਹਨਾਂ ਸੰਗ ਲੜਨ ਦੀ

ਬਾਕੀ ਤਾਂ ਸਭ
ਰੱਬ ਦੇ ਬੰਦੇ
ਹੋ ਨਿਬੜਦੇ ਨੇ

**ਗੁਰਭਜਨ ਲਾਸਾਨੀ**
**ਮੋ 98724-39278**

◆◆◆

## ਆ ਜਾ ਬਾਬਾ ਨਾਨਕਾ

**ਪ੍ਰੋ. ਸਤਵਿੰਦਰ ਬੇਗੋਵਾਲੀਆ**

ਆ ਜਾ ਬਾਬਾ, ਆ ਜਾ ਬਾਬਾ
ਮਨ ਦੀ ਜੋਤ ਜਗਾ ਜਾ ਬਾਬਾ
ਖ਼ੂਬ ਚੱਲ ਪਈ ਪੁੱਠੀ ਤੋਰ ਹੈ।
ਆ ਜਾ ਬਾਬਾ ਨਾਨਕਾ, ਅੱਜ ਫਿਰ ਤੇਰੀ ਲੋੜ ਹੈ।
ਹਨ੍ਹੇਰੇ ਦੀ ਸੀ ਬੁੱਕਲ ਟੁੱਟੀ, ਜਦ ਤੂੰ ਇਲਾਹੀ ਚਾਨਣ ਵਰਸਾਇਆ।
ਨਾ ਕੋ ਵੈਰੀ ਨਾਹੀ ਬਿਗ਼ਾਨਾ, ਮਾਨਵਤਾ ਦਾ ਸਬਕ ਪੜ੍ਹਾਇਆ।
ਪੁੱਤਰ ਮੋਹ ਨੂੰ ਪਾਸੇ ਰੱਖ, ਭਾਈ ਲਹਿਣੇ ਨੂੰ ਅਪਣਾਇਆ।
ਪਰ ਬਾਬਾ !



ਅੱਜ ਅੰਨ੍ਹਾ ਵੰਡੇ ਸੀਰਨੀ, ਆਪਣਿਆਂ ਦੀ ਝੋਲੀ ਪਾਵੇ।
ਪੈਸਾ ਜੋੜੋ, ਪੈਸਾ ਜੋੜੋ, ਹਰ ਥਾਈਂ ਆਵਾਜ਼ ਆਵੇ।
ਪੈਸਾ ਦੁਆਵੇ ਕੁਰਸੀਆਂ, ਪੈਸਾ ਤਖ਼ਤਾਂ ਉੱਪਰ ਬਿਠਾਵੇ।
ਸਿੱਕਿਆਂ ਦੀ ਇਹ ਖੇਡ ਕਿਹੀ, ਯੋਗਤਾ ਮਿੱਟੀ ਘੱਟੇ ਰਲਾਵੇ।
ਨੋਟਾਂ ਨਾਲ ਬੈਂਕ ਭਰੇ, ਫਿਰ ਵੀ ਚਿੰਤਾ ਕਰੇ।
ਕਿਤੇ ਸਤਵੀਂ ਪੁਸ਼ਤ ਭੁੱਖੀ ਨਾ ਮਰ ਜਾਵੇ ?
ਚੋਰ ਉਚੱਕਾ ਚੌਧਰੀ, ਗੁੰਡਿਆਂ ਲਈ ਵਰਦਾਨ,
ਹੇਰਾ ਫੇਰੀ, ਝੂਠ, ਮਿਲਾਵਟ, ਹਰ ਥਾਈਂ ਇੱਕੋ ਹੋੜ ਹੈ।
ਆ ਜਾ ਬਾਬਾ ਨਾਨਕਾ..............

ਤੂੰ ਤਾਂ ਮਲਕ ਭਾਗੋ ਦੇ, ਸਵਾਦੀ ਸ਼ਾਹੀ ਖਾਣੇ ਠੁਕਰਾਏ।
ਲਾਲੋ ਦੀ ਸੁੱਕੀ ਰੋਟੀ ਖਾ ਕੇ, ਕਿਰਤੀ ਲੋਕ ਗਲ ਨਾਲ ਲਾਏ।
ਕਿਰਤ ਕਰੋ, ਨਾਮ ਜਪੋ, ਵੰਡ ਛਕੋ, ਮੁੱਖ ਥੀਂ ਇਹ ਬਚਨ ਸੁਣਾਏ।
ਪਰ ਬਾਬਾ!
ਅੱਜ ਦੇ ਸਾਧਾ ਸੰਤਾਂ ਨੇ, ਉੱਚੀ ਮਹਿਲੀਂ ਡੇਰੇ ਲਾਏ।
ਨਾਂ ਤਾਂ ਤੇਰਾ ਹੀ ਉਚਾਰਨ, ਪਰ ਉਲਟੇ ਹੀ ਕੰਮ ਅਪਣਾਏ।
ਕਿੰਨਾ ਕਿਸੇ ਚੜ੍ਹਾਵਾ ਚਾੜ੍ਹਿਆ, ਗੋਲਕਾਂ ਦਾ ਜ਼ੋਰ ਹੈ।
ਗੋਲਕ ਨੂੰ ਤੋੜਣ ਲਈ, ਨਿੱਤ ਪੈਂਦਾ ਹੁੰਦਾ ਇੱਕ ਚੋਰ ਹੈ।
ਆ ਜਾ ਬਾਬਾ ਨਾਨਕਾ.......

ਧਾਰਮਿਕ ਵਰਦੀਆਂ ਪਹਿਨ ਕੇ, ਉੱਚੇ ਉੱਚੇ ਮੰਚ ਸਜਾਉਂਦੇ।
ਇਹ 'ਮਹਾਂਪੁਰਸ਼' ਹਰ ਸਾਲ, ਗੱਜ ਵੱਜ ਕੇ ਤੇਰਾ ਪ੍ਰਭਾਸ਼ ਉਤਸਵ ਮਨਾਉਂਦੇ।
ਰਾਤ ਦੋ ਵਜੇ ਕੱਢ ਪ੍ਰਭਾਤੀ, ਸੁੱਤੇ ਕਿਰਤੀ ਆਣ ਜਗਾਉਂਦੇ।



ਕਿਸੇ ਨੇ ਝੰਡਾ ਚੁੱਕਿਆ ਹੁੰਦੈ, ਪੰਜ ਸੱਤ ਜਣੇ ਆਤਿਸ਼ਬਾਜ਼ੀ ਚਲਾਉਂਦੇ।
'ਪਵਨ ਗੁਰੂ' ਧੂੰਆਂ ਹੋ ਗਈ, ਪਟਾਖੇ ਕੰਨਾਂ ਨੂੰ ਟਕਰਾਉਂਦੇ।
ਹਾਰਨਾਂ ਦੀ ਰੇਲ ਨੇ, ਮਚਾਇਆ ਕਿੰਨਾ ਸ਼ੋਰ ਹੈ।
ਆ ਜਾ ਬਾਬਾ ਨਾਨਕਾ, ਅੱਜ ਫਿਰ ਤੇਰੀ ਲੋੜ ਹੈ।

**98154-65620**

◆◆◆

## ਗ਼ਜ਼ਲ ਸੱਥ

ਵੇਖ ਲੈ ਹੋਇਆ ਕੀ ਮੇਰਾ ਹਾਲ ਹੈ ।
ਭੀੜ ਹੈ,ਪਰ ਦੋਸਤੀ ਦਾ ਕਾਲ ਹੈ ।

ਵੇਖਿਆ ਅੰਬਰ 'ਚੋਂ ਰਾਤੀਂ ਸ਼ਹਿਰ ਨੂੰ,
ਜਾਪਿਆ ਇਹ ਮੋਤੀਆਂ ਦਾ ਥਾਲ ਹੈ।
ਧਰਤ ਉੱਤੇ ਤੂੰ ਖੜ੍ਹੀ ਨੇ ਇਹ ਕਿਹਾ,
ਭਰਮ ਹੈ, ਇਹ ਰੌਸ਼ਨੀ ਦਾ ਜਾਲ ਹੈ।

ਛਣਕੀਆਂ ਫਲੀਆਂ ਸ਼ਰੀਂਹ ਤੇ, ਮੈਂ ਕਿਹਾ,
ਸੁਣ ਜ਼ਰਾ ਇਹ ਬਿਰਖ ਦਾ ਜੋ ਤਾਲ ਹੈ ।

ਤੂੰ ਕਿਹਾ,ਪੱਤਰ ਹਰੇ ਸੀ ਝੜ ਗਏ,
ਇਹ ਤਾਂ ਓਸੇ ਦਰਦ ਦਾ ਇਕਬਾਲ ਹੈ ।

ਪੋਹ ਮਹੀਨੇ ਝੰਬ ਸੁੱਟੀ ਕਾਇਨਾਤ,
ਜਜ਼ਬਿਆਂ ਨੂੰ ਨਿੱਘ ਦੀ ਹੁਣ ਭਾਲ ਹੈ ।

ਤੁਰ ਗਏ ਕਿੱਧਰ ਸਾਜ਼ਿੰਦੇ ਤੁਰ ਗਏ,
ਜ਼ਿੰਦਗੀ ਬੇਬਹਿਰ ਬੇਸੁਰਤਾਲ ਹੈ।

**ਪ੍ਰੋ ਗੁਰਭਜਨ ਗਿੱਲ**
**ਮੋ 98726-31199**

◆◆◆



ਮੈਥੋਂ ਸਰਦਾ ਨਾ ਕੁਝ ਸਰਦਾ।
ਪਰ ਯਾਰਾ ਤੂੰ ਗੱਲ ਤਾਂ ਕਰਦਾ।

ਦੁੱਖਾਂ ਦੀ ਭੰਡ ਚੌਂਕ 'ਚ ਖੋਲ੍ਹੀ,
ਛੱਡ ਕੇ ਬੂਹਾ ਮੇਰੇ ਘਰ ਦਾ।

ਕੰਧਾਂ ਨੂੰ ਦੁੱਖ ਰਿਹਾ ਸੁਣਾਉਂਦਾ,
ਕਦੇ ਕਲਾਵਾ ਆ ਤਾਂ ਭਰਦਾ।

ਤੇਰੇ ਸੁਪਨੇ ਟੁੱਟਦੇ ਤੱਕ ਕੇ,
ਤੂੰ ਕਿੰਝ ਸੋਚਿਆ ਕਿ ਮੈਂ ਜਰਦਾ ?

ਜਾਨ ਦੀ ਬਾਜੀ ਲਾ ਜਾਂਦਾ ਮੈਂ,
ਬੇਸ਼ੱਕ ਜਿੱਤਦਾ ਜਾਂ ਮੈਂ ਹਰਦਾ।

ਮਿਹਣਾ ਹੁੰਦਾ ਪਿਆਰ ਮੇਰੇ ਨੂੰ,
ਪਾਸਾ ਵੱਟਦਾ ਜਾਂ ਮੈਂ ਡਰਦਾ।

ਸਾਹਾਂ ਵਿਚ ਉਤਸਾਹ ਭਰ ਜਾਂਦਾ,
'ਪਾਰਸ' ਮਿੱਤਰਾ ਮਰਦਾ-ਮਰਦਾ।

**ਪ੍ਰਤਾਪ 'ਪਾਰਸ' ਗੁਰਦਾਸਪੁਰੀ,**
**787/10 ਪ੍ਰੇਮ ਨਗਰ, ਹਰਦੋਛੰਨੀ ਰੋਡ ਗੁਰਦਾਸਪੁਰ**
**ਫੋਨ 9988811681**

◆◆◆



ਹੇ ਮੇਰੇ ਮੌਲਾ ਹੁਣ ਤਾਂ ਕੁਝ ਨਜ਼ਰ ਰਹਿਮ ਦੀ ਕਰ ਜਰਾ।
ਜਲ ਥਲ ਹੋਇਆ ਨਗਰ ਖੇੜਾ ਲੱਭਦੇ ਨਹੀਂ ਘਰ ਜਰਾ।

ਪਹਿਲਾਂ ਰੱਖਿਆ ਕਰ ਖਲਕਤ ਦੀ, ਮੂਹਰੇ ਹੋ ਕੇ ਆਪੇ ਤੂੰ,
ਤੇ ਦੂਜਾ ਇੰਦਰ ਨੂੰ ਵੀ ਕਹਿਦੇ, ਤੂੰ ਥੰਮ ਜਰਾ ਤੇ ਜਰ ਜਰਾ।

ਕੋਨਾ- ਕੋਨਾ ਧਰਤੀ ਦਾ ਹੁਣ ,ਪਾਣੀ ਪਾਣੀ ਹੋਇਆ ਹੈ,
ਉਹ ਵੀ ਤਾਂ ਹੁਣ ਡੁੱਬ ਜਾਣੇ , ਜੋ ਲੈਂਦੇ ਸੀ ਕਦੇ ਤਰ ਜਰਾ।

ਬੇਜੁਬਾਨ ਕਈ ਧਰਤੀ ਤੇ ਹਨ, ਪੰਛੀ ਤੇ ਪਰਿੰਦੇ ਬੇ -ਵਸ,
ਮੁੜ ਅਸਮਾਨੀ ਉਡਨਾ ਚਾਹੁੰਦੇ ਸੁਕ ਲੈਣ ਦੇ ਪਰ ਜਰਾ।

ਕਈਆਂ ਦੇ ਤੂੰ ਮੂੰਹ ਦੀ ਬੁਰਕੀ ,ਕਈ ਦਿਨਾਂ ਤੋਂ ਖੋਹਲੀ ਹੈ,
ਹੁਣ ਉਹਨਾਂ ਦੇ ਮੁੜ ਤੋਂ ਰੱਬਾ , ਤੂੰ ਖਾਲੀ ਖੀਸੇ ਭਰ ਜਰਾ।

ਪਸ਼ੂਆਂ ਦਾ ਵੀ ਬੁਰਾ ਹਾਲ ਹੈ, ਹੈ ਹਾਲ ਬੁਰਾ ਬਜ਼ੁਰਗਾਂ ਦਾ,
ਜੋ ਆਖਣ, ਇਸ ਜ਼ਿੰਦਗੀ ਤੋਂ ਤੂੰ, ਘੱਲਦੇ ਅਗਲੇ ਦਰ ਜਰਾ।

ਜੋ ਲੋਕਾਂ ਦੇ ਉਜੜਨ ਤੇ ਨੇ ਰਾਜਨੀਤੀਆਂ ਕਰਦੇ ਰੱਬਾ,
ਪੰਨੂ ਆਖੇ ਉਹਨਾਂ ਦੇ ਵੀ, ਦਿਲ ਵਿੱਚ ਭਰਦੇ ਡਰ ਜਰਾ।

ਹੇ ਮੇਰੇ ਮੌਲਾ ਹੁਣ ਤਾਂ ਕੁਝ ਨਜ਼ਰ ਰਹਿਮ ਦੀ ਕਰ ਜਰਾ।

**ਬਲਵਿੰਦਰ ਪੰਨੂੰ,**
**ਪਿੰਡ ਦਾਤਾਰਪੁਰ,ਡਾਕਖਾਨਾ ਨਾਨੋਵਾਲ ਜੀਂਦੜ,**
**ਜ਼ਿਲ੍ਹਾ, ਤਹਿ, ਗੁਰਦਾਸਪੁਰ, ਮੋ. 7309234629**



ਰੁੜ੍ਹੀ ਜਦੋਂ ਕੰਡਿਆਲੀ ਤਾਰ
ਦੁਸ਼ਮਣ ਪਲ ਵਿਚ ਬਣ ਗੇ ਯਾਰ

ਬਿਫ਼ਰੇ ਪਾਣੀ, ਤਾਂਡਵ ਨਾਚ
ਜਾਨਾਂ ਫਸੀਆਂ ਅੱਧ ਵਿਚਕਾਰ

ਹੜ੍ਹ ਵਿਚ ਕੋਠੇ ਕੱਟੀ ਰਾਤ
ਚਾਰੇ ਪਾਸੇ ਧੁੰਧੂਕਾਰ

ਡੁੱਬੀਆਂ ਲਾਸ਼ਾਂ, ਪਸ਼ੂ ਰੁੜ੍ਹੇ
ਲੋਥਾਂ , ਬਿਪਤਾ,ਮਾਰੋ ਮਾਰ

ਹੜ੍ਹ ਵਿਚ ਹਿੰਮਤ,ਜਜ਼ਬਾ ਵੇਖ
ਕੁਝ ਘਰ ਬਹਿ ਪੜ੍ਹਦੇ ਅਖ਼ਬਾਰ

ਨੁਕਤਾਚੀਨੀ, ਸਿਰਫ਼ ਵਿਰੋਧ
ਦੂਸ਼ਣ,ਖੁੰਦਕ ਫਿਰ ਤਕਰਾਰ

ਕਦ ਤੱਕ ਪਿੰਜਰੇ ਵਿਚ ਰਹਿਣਾ
ਆਜ਼ਾਦੀ ਵੀ ਸੋਚ ਵਿਚਾਰ

ਨਫ਼ਰਤ,ਬਦਲਾ, ਸਾਜ਼ਿਸ਼ 'ਪਾਲ'
ਕਿੱਥੋਂ ਤੱਕ ਨੀਵਾਂ ਕਿਰਦਾਰ

**ਪਾਲ ਗੁਰਦਾਸਪੁਰੀ**
**99882-64707**

◆◆◆

## ਭੁਪਿੰਦਰ ਸੰਧੂ

ਉੱਲੂ ਡਹੇ ਉਜਾੜੇ ਬਾਗ
ਐ ਘੁੱਗੀ! ਤੂੰ ਹੁਣ ਤਾਂ ਜਾਗ ।
ਫੁੱਲਾਂ ਦੀ ਖੁਸ਼ਬੋ ਲਈ ਲੁੱਟ,
ਮਾੜੇ ਸਨ ਫੁੱਲਾਂ ਦੇ ਭਾਗ ?
ਜਿਸ ਥਾਂ ਸੀ ਹਾਸੇ ਦੀ ਗੂੰਜ,
ਉਸ ਥਾਂ ਰੁਦਨ ਅਤੇ ਵੈਰਾਗ ।
ਸੱਚ ਖ਼ਾਤਿਰ ਜੋ ਮਰਦੇ ਲੋਕ,
ਨ੍ਹੇਰੇ ਵਿਚ ਉਹ ਬਣਨ ਚਿਰਾਗ ।
ਡੰਗ ਮੁਹੱਬਤ ਦੇ ਮਾਰਨ,
ਨਫ਼ਰਤ ਦੇ ਜ਼ਹਿਰੀਲੇ ਨਾਗ ।
ਜੋ ਚਾਨਣ ਦੇ ਆਸ਼ਿਕ ਲੋਕ,

ਚਾਨਣ ਲਈ ਗਏ ਜਿੰਦ ਤਿਆਗ ।
ਸੰਧੂ ਭਿੱਜੇ ਤੇਰੇ ਗੀਤ
ਗ਼ਜ਼ਲਾਂ ਦੇ ਵਿਚ ਦਿੱਸਣ ਦਾਗ ।


**26118,ਗਲੀ ਨੰਬਰ ਢਾਈ**
**ਅਮਰਪੁਰਾ ਬਸਤੀ,ਬਠਿੰਡਾ-151001**
**ਮੋ96461-08157**


◆◆◆



ਭਗਤ ਸਿਆਂ ਤੇਰੀ ਸੋਚ ਨੂੰ
ਅੱਜ ਤੱਕ ਪਿਆ ਨਾ ਬੂਰ।
ਇੱਥੇ ਕੁੱਤੇ ਖਾਣ ਜਲੇਬੀਆਂ
ਅਤੇ ਮਿਹਨਤਕਸ਼ ਮਜਬੂਰ ।।

ਭਗਤ ਸਿਆਂ ਇਸ ਦੇਸ਼ ਲਈ
ਇੱਕ ਤੇਰੀ ਸੋਚ ਸੀ ਹੋਰ।
ਤੂੰ ਦੱਸ ਕਦੋਂ ਸੀ ਸੋਚਿਆ ?
ਇੱਥੇ ਰਾਜ ਕਰਨਗੇ ਚੋਰ।।

ਭਗਤ ਸਿਆਂ ਤੇਰੀ ਸੋਚ ਦਾ
ਅਜੇ ਹੋਇਆ ਨਾ ਵਿਸਥਾਰ।
ਆ ਵੇਖ ਤੇਰੇ ਕਿੰਞ ਬਾਗ ਨੂੰ
ਅੱਜ ਗਾਲ੍ਹੜ ਰਹੇ ਉਜਾੜ।।

ਭਗਤ ਸਿਆਂ ਇਸ ਦੇਸ਼ ਨੂੰ
ਅੱਜ ਫਿਰ ਤੇਰੀ ਪਈ ਲੋੜ।
ਤੂੰ ਆ, ਤੇ ਆਕੇ ਕੱਢਜਾ
ਇੱਥੋਂ ਜਾਤੀਵਾਦ ਦਾ ਕੋੜ੍ਹ।।

ਭਗਤ ਸਿਆਂ ਤੇਰੀ ਸੋਚ ਨੂੰ
ਬੱਬੀ ਲੱਖ-ਲੱਖ ਕਰੇ ਸਲਾਮ।
ਤੂੰ ਭਾਰਤ ਦੇਸ਼ ਦੇ ਵਾਸਤੇ
ਪੀ ਲਿਆ ਮੌਤ ਦਾ ਜਾਮ।।


**ਰਾਜੇਸ਼ ਬੱਬੀ, ਗੁਰਦਾਸਪੁਰ**
7888527094


◆◆◆

ਇਨਾ ਤੁਸੀਂ ਹੱਸੇ ਕਿ ਗੁਲਾਬ ਹੋ ਗਏ।
ਆਸ਼ਕਾਂ ਲਈ ਖੁੱਲੀ ਜਿਉਂ ਕਿਤਾਬ ਹੋ ਗਏ।





ਪਹਿਲੀ ਮੁਲਾਕਾਤ ਅਜੇ ਕੱਲ੍ਹ ਦੀ ਹੈ ਗੱਲ,
ਕਾਹਤੋਂ ਏਨੀ ਜਲਦੀ ਬੇਤਾਬ ਹੋ ਗਏ।

ਸੰਦਲੀ ਬਦਨ ਮਹਿਕ ਇਤਰਾਂ ਦੇ ਵਾਂਗ,
ਨੈਣ ਜਦੋਂ ਤੱਕੇ ਉਹ ਸ਼ਰਾਬ ਹੋ ਗਏ।

ਪੜ੍ਹਦੇ ਸਾਂ ਲਿਖਦੇ ਸਾਂ ਗੂੜ ਦੇ ਗਿਆਨ,
ਇਸ਼ਕੇ 'ਚ ਪਏ ਤਾਂ ਖ਼ਰਾਬ ਹੋ ਗਏ।


ਕਿੰਨਾ ਚਿਰ 'ਕੱਲੇ ਅਸੀਂ ਫੱਕਿਆ ਹਨ੍ਹੇਰ,
ਤੇਰੇ ਸੰਗ ਜੁੜੇ ਮਹਿਤਾਬ ਹੋ ਗਏ।

ਬੇਚੈਨ ਜ਼ਿੰਦਗੀ ਨੂੰ ਥਾਪ ਕੇ ਸੁਆਇਆ,
ਜਦੋਂ ਤੁਸੀਂ ਮਾਲਕੋ ਖ਼ੁਆਬ ਹੋ ਗਏ।

ਓਹੀ 'ਦਿਲਬੀਰ' ਜਿਸ ਮੱਝਾਂ ਚਾਰੀਆਂ,
ਕਹਿੰਦੇ ਨੇ 'ਸਰੋਆ' ਅੱਜ ਸਾਹਬ ਹੋ ਗਏ।

**ਦਲਬੀਰ ਸਿੰਘ ਸਰੋਆ**

◆◆◆



ਜ਼ਿੰਦਗੀ ਬੜੀ ਅਜਬ ਹੈ ਯਾਰ।
ਚੱਲਣ ਸੁਖ-ਦੁੱਖ ਬੰਨ ਕਤਾਰ।

ਕਈਆਂ ਲਈ ਹੈ ਸੇਜ ਫੁੱਲਾਂ ਦੀ,
ਕਈਆਂ ਲਈ ਹੈ ਹੁੰਦੀ ਖਾਰ।

ਜਿਹੜਾ ਪੰਨਾ ਪਲਟ ਹੈ ਦਿੰਦੀ,
ਉਸ ਤੇ ਨਾ ਮੁੜ ਆਵੇ ਯਾਰ।

ਹਰ ਵੇਲੇ ਹੈ ਭੱਜਦੀ ਰਹਿੰਦੀ,
ਥੰਮਦੀ ਨ੍ਹੀ ਇਸ ਦੀ ਰਫਤਾਰ।

ਜੋ ਸੋਚੇ ਕੋਈ,ਉਹ ਨਹੀ ਕਰਦੀ,
ਹੋਰ ਹੀ ਕੰਮ ਕੋਈ ਕਰੇ ਤਿਆਰ।

ਪਤਾ ਵੀ ਹੈ ਕੁੱਝ ਨਾਲ ਨਹੀਂ ਜਾਣਾ,
ਤਾਂ ਵੀ ਕਰਦੀ ਮਾਰੋ-ਮਾਰ।

ਅਮਿਤ ਇਹ ਨਹੀਂ ਸਦਾ ਹੈ ਰਹਿਣੀ,
ਜਿੰਨਾ ਮਰਜ਼ੀ ਕਰ ਤੂੰ ਪਿਆਰ।

**ਅਮਿਤ ਕਾਦੀਆਂ**, 7589155535



ਕਿੰਨੀਆਂ ਕੁ ਸਹਿਣੀਆਂ ਸੀ ਦਿਲ ਨੇ ਸੀਨਾਜ਼ੋਰੀਆਂ।
ਇਸ ਨੂੰ ਲੈ ਕੇ ਬੈਠ ਗਈਆਂ ਇਸ ਦੀਆਂ ਕਮਜ਼ੋਰੀਆਂ।

ਇਕ ਜਾਂ ਦੂਜੀ ਤਰ੍ਹਾਂ ਦੇ ਚੋਰ ਤਾਂ ਸਾਰੇ ਹੀ ਨੇ,
ਢਕ ਛੁਪਾ ਕੇ ਹੁੰਦੀਆਂ ਹੀ ਰਹਿੰਦੀਆਂ ਨੇ ਚੋਰੀਆਂ।

ਲਾ ਲਵੇ ਫੰਦਾ ਹੀ ਭਾਵੇਂ ਖ਼ੁਦ ਨੂੰ ਉਸ ਦੀ ਹੈ ਰਜ਼ਾ,
ਦੇਵੇ ਕੁਦਰਤ ਹਰ ਬਸ਼ਰ ਨੂੰ ਖੁੱਲ੍ਹੀਆਂ ਹੀ ਡੋਰੀਆਂ।

ਬਾਲਪਨ ਵਿਚ ਚੱਲਿਆ ਸੀ ਗੋਡਿਆਂ ਦੇ ਬਲ ਕਦੇ,
ਹੁਣ ਬੁਢਾਪਾ ਢੂੰਡਦਾ ਹੈ ਤੁਰਨ ਹਿਤ ਡੰਗੋਰੀਆਂ।

ਉਹਨਾਂ ਤੋਂ ਵੀ ਸਿੱਖਣਾ ਬਣਦੈ ਉਹ ਵੀ ਨਾ ਬੰਦੇ ਫਜ਼ੂਲ,
ਸਾਫ ਨਾ ਕਰ ਦੇਣ ਜਿਹੜੇ ਕਰਨ ਗੱਲਾਂ ਕੋਰੀਆਂ।

ਬੰਦੇ ਦੇ ਇਤਿਹਾਸ ਜੇਡਾ, ਹੈ ਇਨ੍ਹਾਂ ਦਾ ਵੀ ਹਿਸਾਬ,
ਆਦਮੀ ਦੇ ਖ਼ੂਨ ਵਿਚ ਰਚੀਆਂ ਜੋ ਰਿਸ਼ਵਤ ਖੋਰੀਆਂ।

ਦੂਜਿਆਂ ਨੂੰ ਘੱਟ, ਜ਼ਿਆਦਾ ਖ਼ੁਦ ਨੂੰ ਉਹ ਹਨ ਠੱਗ ਰਹੇ,
ਮਾਰਦੇ ਫਿਰਦੇ ਜੋ ਦੂਜਿਆਂ ਨਾਲ ਠੱਗੀਆਂ-ਠੋਰੀਆਂ।

ਮਾਂ ਦੀ ਗੋਦੀ, ਧੁੱਪ ਕੋਸੀ, ਚਾਂਦਨੀ, ਸਜਰੀ ਸਵੇਰ।
ਕਿੱਦਾਂ-ਕਿੱਦਾਂ ਦਿੱਤੀਆਂ ਕੁਦਰਤ ਨੇ ਸਾਨੂੰ ਲੋਰੀਆਂ।

**ਸੁਭਾਸ਼ ਦੀਵਾਨਾ**
**ਮੋਬਾਈਲ 98888 2966**

◆◆◆

# ਗੀਤਾਂ ਦੀ ਗੂੰਜ



ਅਜੇ ਮੈਂ ਗੀਤ ਲਿਖਣਾ ਹੈ
ਸਰੋਂ ਦੇ ਖਿੜਦੇ ਫੁੱਲਾਂ ਦਾ।
ਅਜੇ ਮੈਂ ਗੀਤ ਲਿਖਣਾ ਹੈ
ਗੀਤ ਨੂੰ ਗਾਉਂਦੇ ਬੁੱਲਾਂ ਦਾ।

ਮੇਰੇ ਵਿਕਦੇ ਹੋਏ ਖੇਤਾਂ ਦਾ।
ਹੁੰਦੀਆਂ ਦੂਈ ਦਵੈਤਾਂ ਦਾ।
ਅਜੇ ਮੈਂ ਗੀਤ ਲਿਖਣਾ ਹੈ



ਖਾ ਦਾਣੇ ਸੁੱਟੇ ਗੁੱਲਾਂ ਦਾ।
ਅਜੇ ਮੈਂ ਗੀਤ,,,,,,,,,।

ਜਿਉਣਾ ਚਾਹੁੰਦੇ ਨੇ ਜਿਹੜੇ।
ਤੜਪਦੀ ਭੁੱਖ ਜਿਨ੍ਹਾਂ ਵਿਹੜੇ।
ਅਜੇ ਮੈਂ ਗੀਤ ਲਿਖਣਾ ਹੈ
ਜੂਝਦੀਆਂ ਹੋਈਆਂ ਕੁੱਲਾਂ ਦਾ।
ਅਜੇ ਮੈਂ ਗੀਤ,,,,,,,,,,।

ਮੁੱਕਦੇ ਜਾਂਦੇ ਪਾਣੀ ਦਾ।
ਉਲਝਦੀ ਹੋਈ ਤਾਂਣੀ ਦਾ।
ਅਜੇ ਮੈਂ ਗੀਤ ਲਿਖਣਾ ਹੈ
ਅਜਾਂਈ ਜਾਂਦੇ ਮੁੱਲਾਂ ਦਾ।
ਅਜੇ ਮੈਂ ਗੀਤ,,,,,,,,,,।

ਜਿਨ੍ਹਾਂ ਵਿੱਚ ਰੱਤ ਨਾ ਹੋਵੇ।
ਜਿਨ੍ਹਾਂ ਸਿਰ ਛੱਤ ਨਾ ਹੋਵੇ।
ਉਨ੍ਹਾਂ ਲਈ ਗੀਤ ਲਿਖਣਾ ਹੈ
ਗੁਰਮ, ਨੇ ਹੋਈਆਂ ਭੁੱਲਾਂ ਦਾ।

ਅਜੇ ਮੈਂ ਗੀਤ ਲਿਖਣਾ ਹੈ
ਸਰੋਂ ਦੇ ਖਿੜਦੇ ਫੁੱਲਾਂ ਦਾ।
ਅਜੇ ਮੈਂ ਗੀਤ ਲਿਖਣਾ ਹੈ
ਗੀਤ ਨੂੰ ਗਾਉਂਦੇ ਬੁੱਲਾਂ ਦਾ।

**ਜਗਜੀਤ ਸਿੰਘ ਗੁਰਮ**
**ਮਕਾਨ ਨੰ 1008/29/2**
**ਗਲੀ ਨੰ, 8, ਬਾਲ ਸਿੰਘ ਨਗਰ, ਬਸਤੀ ਜੋਧੇਵਾਲ, ਲੁਧਿਆਣਾ**
**ਮੋ, 99147 01668**

◆◆◆

## ਐਵੇਂ ਨਾ ਰੌਲਾ ਪਾ ਲਵੀ



ਐਵੇਂ ਨਾ ਗੱਲਾਂ ਉਡਾ ਲਵੀਂ
ਇਹ ਇਸ਼ਕ ਕਿਤਾਬੀ ਚੰਗਾ ਏ
ਐਵੇਂ ਨਾ ਹੱਥ ਰੰਗਾ ਲਵੀਂ
ਇਹ ਸੁੱਤੀ ਨੂੰ ਛੱਡ ਜਾਂਦਾ ਹੈ
ਭਾਈਆਂ ਤੋਂ ਕਤਲ ਕਰਾਉਂਦਾ ਏ

ਮਾਰੂਥਲ ਚ ਨਾਂ ਨਾ ਲਿਖਾ ਲਵੀਂ
ਐਵੇਂ ਨਾ ਰੌਲਾ ਪਾ ਲਵੀਂ
ਐਵੇਂ ਨਾ ਗੱਲਾਂ ਉਡਾ ਲਵੀਂ
ਇਹ ਤਾਂ ਕੱਚਿਆਂ ਉੱਤੇ ਤਰਾਉਂਦਾ ਏ ਇਹ ਤਾਂ ਜੱਟੀਓ ਹੀਰ ਬਣਾਉਂਦਾ ਏ
ਭੈੜੀ ਮੌਤ ਨਾਲ ਮੱਥਾ ਨਾ ਲਾ ਲਵੀਂ
ਐਵੇਂ ਨਾ ਰੋਲਾ ਪਾ ਲਵੀਂ
ਐਵੇਂ ਨਾ ਗੱਲਾਂ ਉਡਾ ਲਵੀਂ
ਇਹ ਜੱਗ ਕੋਲੋਂ ਪੱਥਰ ਪਵਾਉਂਦਾ ਏ ਇਹ ਲੈਲਾ ਲੈਲਾ ਕਰਲਾਂਉਦਾ ਏ
ਤੂੰ ਜੱਗ ਨਾਲ ਮੱਥਾ ਨਾ ਲਾ ਲਵੀ ਐਵੇਂ ਨਾ ਰੌਲਾ ਪਾ ਲਵੀਂ
ਐਵੇਂ ਨਾ ਗੱਲਾਂ ਉਡਾ ਲਵੀ
ਬਿਰਹਾ ਦੀ ਸੂਲੀ ਚੜਨਾ ਪੈਂਦਾ ਏ ਘੁੰਮਣ ਅੱਧ ਵਾਟੇ ਮਰਨਾ ਪੈਂਦਾ ਏ
ਐਵੇਂ ਨਾ ਧੋਖਾ ਖਾ ਲਵੀਂ
ਐਵੇਂ ਨਾ ਰੌਲਾ ਪਾ ਲਵੀ

**ਲਖਵਿੰਦਰ ਘੁੰਮਣ**
**9815349026**

◆◆◆

ਵਾਸੀ ਦੇਸ਼ ਪੰਜਾਬ ਦੇ
ਅਸੀਂ ਅਰਸ਼ ਦੇ ਚਮਕਦੇ ਤਾਰੇ ਹਾਂ,
ਵੈਰੀ ਲਈ ਤੇਜ਼ ਆਰੇ ਹਾਂ ,
ਮਿੱਤਰਾਂ ਲਈ ਫੁੱਲ ਗੁਲਾਬ ਦੇ ।
ਅਸੀਂ ਵਾਸੀ ਦੇਸ਼ ਪੰਜਾਬ ਦੇ ।
ਸਾਡੇ ਤੇ ਜਿਸ ਨੇ ਵੀ ਹਮਲਾ ਕੀਤਾ ਹੈ,
ਉਸਦਾ ਖੂਨ ਡੀਕਾਂ ਲਾ ਪੀਤਾ ਹੈ,
ਲੰਬੇ ਸਫ਼ੇ ਨੇ ਸਾਡੀ ਹਿੰਮਤ ਦੀ ਕਿਤਾਬ ਦੇ ।
ਅਸੀਂ ਵਾਸੀ ..।
ਗੌਤਮ,ਈਸਾ ਤੇ ਨਾਨਕ ਦੇ ਪੈਰੋਕਾਰ ਹਾਂ,
ਹਰ ਥਾਂ ਅਮਨ ਦਾ ਕਰਦੇ ਪ੍ਰਚਾਰ ਹਾਂ,
ਸੁਣ ਸੁਰ ਮਰਦਾਨੇ ਦੀ ਰਬਾਬ ਦੇ ।
ਅਸੀਂ ਵਾਸੀ ..।
ਅਸੀਂ ਮਾਲਕ ਹਾਂ ਉਸ ਜ਼ਮੀਨ ਦੇ,
ਫਸਲਾਂ ਬੀਜਦੇ ਨਾਲ ਯਕੀਨ ਦੇ,
ਰੋਹਬ ਝੱਲਦੇ ਨਾ ਕਿਸੇ ਨਵਾਬ ਦੇ ।
ਅਸੀਂ ਵਾਸੀ .।
ਭਾਵੇਂ ਕਿਸੇ ਵੀ ਧਰਮ ਨੂੰ ਮੰਨਦੇ ਹਾਂ,
ਫੁੱਟ ਪਾਊ ਲੋਕਾਂ ਦੀ ਹਿੱਕ ਭੰਨਦੇ ਹਾਂ,
ਸਾਡਾ ਏਕਾ ਚਮਕੇ ਵਾਂਗ ਮਹਿਤਾਬ ਦੇ।
ਅਸੀਂ ਵਾਸੀ।

**ਮਹਿੰਦਰ ਮਾਨ**
**ਪਿੰਡ ਤੇ ਡਾ ਰੱਕੜਾਂ ਢਾਹਾ**
**(ਸ਼ਹੀਦ ਭਗਤ ਸਿੰਘ ਨਗਰ)**
**ਮੋ 99158-03554**

◆◆◆

## ਟੱਪੇ

**ਵਿਜੇ ਕੁਮਾਰ ਤਾਲਿਬ**

ਉੱਡੀ ਫਿਰਦੀ ਤਿੱਤਲੀ ਏ
ਫੁੱਲ ਭਾਵੇਂ ਲੱਖ ਖਿੜਦੇ
ਮਹਿਕ ਯਾਰੀ ਦੀ ਹੀ ਮਿੱਠੜੀ ਏ ।
ਸੋਹਣੇ ਨਾ ਆਉਂਦੇ ਪਏ
ਮਿਰਚਾਂ ਕੁੱਟ-ਕੁੱਟ ਕੇ
ਅਸੀਂ ਅੱਥਰੂ ਵਹਾਉਂਦੇ ਪਏ ।
ਹੋਰ ਜ਼ਿੰਦਗੀ ਬਕਾਇਆ ਥੋੜ੍ਹੀ ਏ ?
ਅਲਵਿਦਾ ਕੀਤਾ ਹੱਸਕੇ
ਮੁੜ ਮਿਲਣਾ ਮੁਕਾਇਆ ਥੋੜ੍ਹੀ ਏ ?
ਸੁੱਕੇ ਦਾਣੇ ਛਣਕਦੇ ਨੇ
ਕੀਤੀਆਂ ਤਾਂ ਮੀਡੀਆਂ ਹੀ ਸੀ
ਸਿੱਟੇ ਬਣ ਗਏ ਕਣਕ ਦੇ ਨੇ ।
ਕੀ ਕਹਿਣਾ ਗੁਲਾਮਾਂ ਨੇ
ਲੈ ਜਾ ਕਿਤੇ ਦੂਰ ਮਿੱਤਰਾ
ਤੇਰੇ ਹੱਥ ਹੀ ਲਗਾਮਾਂ ਨੇ ।

**ਪਿੰਡ ਤੇ ਡਾ ਤਾਲਿਬਪੁਰ ਪੰਡੋਰੀ**
**(ਗੁਰਦਾਸਪੁਰ )-143531**
**ਮੋ. 94177-36610**

◆◆◆

# ਨਿਬੰਧ

## ਪਾਣੀ ਤੇਰੀ ਅਜਬ ਕਹਾਣੀ !

**ਦਰਸ਼ਨ ਸਿੰਘ ਰਿਆੜ (ਐਡਵੋਕੇਟ)**

ਪਹਿਲਾ ਪਾਣੀ ਜੀਓ ਹੈ... ਪਾਣੀ ਹੀ ਜੀਵਨ ਹੈ, ਇਹ ਜਾਣਿਆ ਪਹਿਚਾਣਿਆ ਤੱਥ ਹੈ। ਪਾਣੀ ਤੇ ਹਵਾ ਬਿਨ ਜੀਵਨ ਦਾ ਸੁਪਨਾ ਵੀ ਨਹੀਂ ਲਿਆ ਜਾ ਸਕਦਾ? ਹਾਲਾਂ ਕਿ ਭੁੱਖ ਮਨੁੱਖ ਕੁਝ ਦੇਰ ਬਰਦਾਸ਼ਤ ਕਰ ਸਕਦਾ ਹੈ। ਹਵਾ ਬਿਨਾਂ ਤਾਂ ਦੂਜਾ ਸਾਹ ਵੀ ਸੰਭਵ ਨਹੀਂ ਹੈ ਤੇ ਪਾਣੀ ਵੀ ਸਾਹ ਤੋਂ ਬਾਦ ਦੂਜੀ ਵੱਡੀ ਲੋੜ ਹੈ।ਧਰਤੀ ਜੇਡ ਗ਼ਰੀਬ ਨਾ ਕੋਈ! ਇਹ ਵੀ ਅਕਸਰ ਸੁਣਨ ਨੂੰ ਮਿਲਦਾ ਹੈ।ਇਸ ਤੋਂ ਬਿਨਾਂ ਤਾਂ ਕੁਝ ਵੀ ਸੰਭਵ ਨਹੀਂ ਹੈ। ਕੁਦਰਤ ਦੇ ਕਾਦਰ ਨੇ ਇਹ ਅਜੀਬ ਰਚਨਾ ਐਸੀ ਰਚੀ ਹੈ ਕਿ ਕਿਸੇ ਨਾ ਕਿਸੇ ਤਰੀਕੇ ਸਭ ਕਾਸੇ ਦੇ ਸਬੰਧ ਜੋੜ ਰੱਖੇ ਹਨ। ਇੰਜ ਹੀ ਸੰਸਾਰ ਬਣਦਾ ਤੇ ਚੱਲਦਾ ਹੈ।ਨਾ ਤਾਂ ਏਥੇ ਕਿਸੇ ਵੀ ਚੀਜ਼ ਜਾਂ ਤੱਤ ਦੀ ਕਮੀ ਸਹਿ ਹੁੰਦੀ ਹੈ ਤੇ ਨਾ ਹੀ ਬਹੁਤਾਤ।ਸਭ ਕਾਸੇ ਦਾ ਸੰਤੁਲਨ ਬਣਿਆ ਰਹੇ ਤਾਂ ਗੱਡੀ ਇਕਸਾਰ ਚੱਲਦੀ ਰਹਿੰਦੀ ਹੈ।ਜ਼ਰਾ ਵੀ ਸੰਤੁਲਨ ਵਿਗੜਿਆ ਨਹੀਂ ਕਿ ਗੱਡੀ ਮੂਧੀ ਹੋਈ ਨਹੀਂ? ਇਸੇ ਸਰਬ-ਵਿਆਪਕ ਸਚਾਈ ਨੂੰ ਅਧਾਰ ਬਣਾ ਕਿ ਹੀ ਸਾਡੇ ਪੁਰਖਿਆਂ ਨੇ ਕਈ ਮੁਹਾਵਰੇ ਤਹਿ ਕੀਤੇ ਸਨ। ਜਿਵੇਂ, ਕਿਸੇ ਵੀ ਚੀਜ਼ ਦੀ ਬਹੁਤਾਤ ਭੈੜੀ ਹੁੰਦੀ ਹੈ÷ ਅਰਥਾਤ -ਐਕਸੈੱਸ ਆਫ਼ ਐਵਰੀਥਿੰਗ ਇੰਜ ਬੈਡ।ਪਰ ਆਮ ਜੀਵਨ ਧਾਰਾ ਵਿੱਚ ਕਦੇ ਕਦੇ ਸਾਨੂੰ ਅਜਿਹੇ ਮੁਹਾਵਰੇ ਸੁਖਾਵੇਂ ਨਹੀਂ ਲੱਗਦੇ।ਬ੍ਰਹਿਮੰਡ ਦੇ ਰਚਨਹਾਰ ਦੇ ਵੀ ਤਾਂ ਕੁਝ ਨਿਯਮ ਜ਼ਰੂਰ ਹਨ!

ਸੁਣਨ ਵਿੱਚ ਤਾਂ ਇਹ ਵੀ ਆਉਂਦਾ ਹੈ ਕਿ ਪ੍ਰਮਾਤਮਾ ਨੇ ਮਨੁੱਖ ਵੀ ਆਪਣੇ ਵਰਗਾ ਹੀ ਬਣਾਇਆ ਹੈ।ਪ੍ਰਮਾਤਮਾ ਤਾਂ ਸਰਬ-ਸ਼ਕਤੀਮਾਨ ਹੈ। ਨਿਸ਼ਚੇ ਹੀ ਉਸ ਦਾ ਪ੍ਰਤੀਪੂਰਕ ਵੀ ਜ਼ਿਆਦਾ ਤੋਂ ਜ਼ਿਆਦਾ ਸ਼ਕਤੀਆਂ ਪ੍ਰਾਪਤ ਕਰਨੀਆਂ ਚਾਹੇਗਾ। ਇਹੀ ਕਾਰਨ ਹੈ ਕਿ ਮਨੁੱਖ ਨੇ ਵਿਗਿਆਨ ਦੀ ਖੋਜ ਕੀਤੀ ਹੈ ਤੇ ਵਿਗਿਆਨ ਦੇ ਜਰੀਏ ਹੀ ਉਹ ਕੁਦਰਤ ਤੇ ਕਾਬੂ ਪਾਉਣ ਦੀ ਲਾਲਸਾ ਵਿੱਚ ਮਸਰੂਫ਼ ਹੈ। ਪਰ ਸਵਾਰਥ ਤੇ ਹੰਕਾਰ ਮਨੁੱਖ ਦੇ ਰਾਹ ਦਾ ਰੋੜਾ ਬਣ ਜਾਂਦਾ ਹੈ। ਸਰਬ-ਸ਼ਕਤੀਮਾਨ ਪ੍ਰਮਾਤਮਾ ਨੇ ਮਨੁੱਖ ਨੂੰ ਸੋਚਣ ਸਮਝਣ ਤੇ ਪਰਖਣ ਦੀ ਸੂਝਬੂਝ ਨਾਲ ਸਰਸ਼ਾਰ ਕਰਕੇ ਮਨੁੱਖਤਾ ਦੇ ਭਲੇ ਤੇ ਸੁੱਖ ਸਹੂਲਤਾਂ ਦਾ ਸੁਪਨਾ ਸਿਰਜਿਆ ਸੀ।ਮਨੁੱਖ ਨੇ ਨਾਲ ਦੀ ਨਾਲ ਈਰਖਾ ਤੇ ਈਗੋ ਵਰਗੇ ਹੱਥਕੰਡੇ ਵਿਕਸਤ ਕਰਕੇ ਪ੍ਰਮਾਣੂ ਤੇ ਹੋਰ ਵਿਸਫੋਟਕ ਤਿਆਰ ਕਰਕੇ ਮਨੁੱਖਤਾ ਦੇ ਵਿਨਾਸ਼ ਦੀ ਨੀਂਹ ਵੀ ਰੱਖ ਦਿੱਤੀ। ਮਨੁੱਖ ਨੇ ਆਪਣੀ ਸਹੂਲਤ ਲਈ ਸਰਦ ਤੇ ਗਰਮ ਮੌਸਮ ਤੇ ਵਾਤਾਵਰਣ ਬਦਲਣ ਦੇ ਢੰਗ ਖੋਜ ਕੇ ਵਾਤਾਵਰਣ ਨੂੰ ਗੰਧਲਾ ਬਣਾ ਦਿੱਤਾ ਹੈ। ਮਨੁੱਖੀ ਵਿਕਾਸ ਦੇ ਮਾਪਦੰਡਾਂ ਨਾਲ ਗਲੋਬਲ ਵਾਰਮਿੰਗ ਨਾਮ ਦਾ ਦੈਂਤ ਥੈਲੇ ਵਿੱਚੋਂ ਬਾਹਰ ਆ ਜਾਣ ਕਰਕੇ ਵਾਤਾਵਰਣ



ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਗਿਆ ਹੈ। ਪਹਿਲਾਂ ਸਾਲ 2019 ਵਿੱਚ ਕੋਵਿਡ ਨਾਮ ਦੀ ਮਹਾਂਮਾਰੀ ਨੇ ਮਨੁੱਖ ਨੂੰ ਮਜ਼ਾ ਚਖਾਇਆ ਸੀ। ਹੁਣ ਮੀਂਹ ਦੀ ਬਹੁਤਾਤ ਤੇ ਹੜ੍ਹਾਂ ਦੇ ਪਾਣੀ ਨੇ ਆਪਣਾ ਰੰਗ ਵਿਖਾਇਆ ਹੈ।

ਕੁਦਰਤ ਦੇ ਆਪਣੇ ਨਿਯਮ ਹਨ।ਪਾਣੀ ਦੀ ਦੁਰਵਰਤੋਂ ਨਾਲ ਇਸ ਦੀ ਕਮੀ ਤੇ ਪ੍ਰਦੂਸ਼ਣ ਨਾਲ ਪਾਣੀ ਦੀ ਗੁਣਵੱਤਾ ਪ੍ਰਭਾਵਿਤ ਹੁੰਦੀ ਹੈ।ਮਨੁੱਖੀ ਸਰੀਰ ਦੀ ਰਚਨਾ ਵੀ ਬ੍ਰਹਿਮੰਡ ਦੀ ਰਚਨਾ ਨਾਲ ਰਲਦੀ ਮਿਲਦੀ ਹੀ ਬਣੀ ਹੋਈ ਹੈ।ਧਰਤੀ ਵਿੱਚ ਵੀ ਦੋ ਤਿਹਾਈ ਪਾਣੀ ਹੈ ਤੇ ਮਨੁੱਖੀ ਸਰੀਰ ਵਿੱਚ ਵੀ। ਪੰਜ ਤੱਤਾਂ ਦੇ ਬਣੇ ਮਨੁੱਖੀ ਸਰੀਰ ਦੇ ਅੰਸ਼ ਵੀ ਤਾਂ ਓਹੀ ਹਨ। ਜਿਵੇਂ ਜਿਵੇਂ ਮਨੁੱਖ ਵਿਕਾਸ ਕਰ ਰਿਹਾ ਹੈ,ਅਬਾਦੀ ਤੇ ਮਨੁੱਖੀ ਲੋੜਾਂ ਵੀ ਵੱਧਦੀਆਂ ਜਾਂਦੀਆਂ ਹਨ।ਲੋੜਾਂ ਦੀ ਪੂਰਤੀ ਲਈ ਸਾਧਨ ਜੁਟਾਉਣ ਸਮੇਂ ਮਨੁੱਖ ਦੇ ਮਨ ਵਿੱਚ ਸਵਾਰਥ ਤੇ ਲਾਲਸਾ ਹਾਵੀ ਹੋ ਜਾਂਦੀ ਹੈ ਜਿਸ ਨਾਲ ਮਿਲਾਵਟ ਤੇ ਹੇਰਾਫੇਰੀ ਵਰਗੀਆਂ ਘਟਨਾਵਾਂ ਵਾਪਰਦੀਆਂ ਹਨ।ਵੱਧ ਅਨਾਜ ਦੇ ਉਤਪਾਦਨ ਲਈ ਜਿਵੇਂ ਪੰਜਾਬ ਵਿਚਲਾ ਧਰਤੀ ਹੇਠਲਾ ਪਾਣੀ ਬਹੁਤ ਡੂੰਘਾ ਹੋ ਗਿਆ ਸੀ ਤੇ ਪੰਜਾਬ ਦਾ ਬਹੁਤ ਸਾਰਾ ਖੇਤਰ ਡਾਰਕ-ਜ਼ੋਨ ਵਿੱਚ ਸ਼ਾਮਲ ਹੋ ਗਿਆ ਸੀ।ਪੰਜਾਬ ਦੇ ਗੁਆਂਢੀ ਰਾਜ ਆਪੋ ਆਪਣੀ ਲੋੜ ਦੀ ਪੂਰਤੀ ਲਈ ਲਗਾਤਾਰ ਪੰਜਾਬ ਤੇ ਦਬਾਅ ਬਣਾਉਂਦੇ ਰਹਿੰਦੇ ਹਨ। ਡੈਮਾਂ ਵਿਚਲੇ ਪਾਣੀ ਦੇ ਘੱਟਦੇ ਪੱਧਰ ਨੂੰ ਧਿਆਨ ਵਿਚ ਰੱਖਦੇ ਹੋਏ ਬੜੇ ਸੰਕੋਚ ਨਾਲ ਪਾਣੀ ਦੀ ਵਰਤੋਂ ਹੁੰਦੀ ਸੀ।ਵਰਖਾ ਰੁੱਤ ਦੇ ਅਨੁਮਾਨ ਤਾਂ ਬਹੁਤ ਪਹਿਲਾਂ ਤੋਂ ਸੁਣਨ ਨੂੰ ਮਿਲਦੇ ਸਨ ਕਿ ਇਸ ਵਾਰ ਵਰਖਾ ਅਧਿਕ ਹੋਣ ਦੀ ਸੰਭਾਵਨਾ ਹੈ। ਚਾਹੀਦਾ ਤਾਂ ਇਹ ਸੀ ਕਿ ਡੈਮਾਂ ਵਿਚੋਂ ਵੱਧ ਪਾਣੀ ਪਹਿਲਾਂ ਕੱਢ ਕੇ ਲੋੜੀਂਦੀ ਜਗਹਾ ਬਣਾਈ ਜਾਂਦੀ। ਪਰ ਕਈ ਰਾਜਨੀਤਕ ਮਜਬੂਰੀਆਂ ਕਾਰਨ ਜਾਂ ਤਾਂ ਲੋੜੀਂਦੇ ਪ੍ਰਬੰਧ ਹੁੰਦੇ ਨਹੀਂ ਜਾਂ ਕੀਤੇ ਨਹੀਂ ਜਾਂਦੇ? ਕੁਦਰਤ ਨੇ ਆਪਣੀ ਬੁੱਕਲ ਵਿੱਚ ਬੜਾ ਕੁਝ ਸਮੇਟ ਕੇ ਰੱਖਿਆ ਹੋਇਆ ਹੈ। ਜਿਸ ਵਿੱਚ ਹੜ੍ਹ, ਸੋਕਾ, ਅਕਾਲ, ਤੂਫਾਨ, ਭੁਚਾਲ ਆਦਿ ਕਈ ਕੁਝ ਹੈ। ਧਰਤੀ ਦਾ ਅੰਦਰਲਾ ਹਿੱਸਾ ਬਹੁਤ ਗਰਮ ਹੈ। ਕਈ ਥਾਂਵਾਂ ਤੇ ਜਵਾਲਾ-ਮੁਖੀ ਲਾਵਾ ਫਟਦਾ ਰਹਿੰਦਾ ਹੈ। ਭੁਚਾਲ ਤੇ ਸੁਨਾਮੀ ਵਰਗੀਆਂ ਦੁਰਘਟਨਾਵਾਂ ਵੀ ਵਾਪਰਦੀਆਂ ਰਹਿੰਦੀਆਂ ਹਨ। ਪ੍ਰਮਾਣੂ ਤਜਰਬਿਆਂ ਦੇ ਵਿਸਫੋਟਾਂ ਤੇ ਹੋਰ ਗੈਸਾਂ ਦੇ ਵਿਸਰਜਨ ਨਾਲ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਰਹਿੰਦਾ ਹੈ।ਗੰਦਗੀ ਮਨੁੱਖ ਫੈਲਾਉਂਦਾ ਹੈ ਤੇ ਸਫ਼ਾਈ ਕੁਦਰਤ ਕਰਦੀ ਹੈ।

ਅਸੀਂ ਭਲੀ ਭਾਂਤ ਜਾਣਦੇ ਹਾਂ ਕਿ ਮਨੁੱਖੀ ਗ਼ਲਤੀਆਂ ਦੇ ਸਵਾਰਥ ਨਾਲ ਪਵਿੱਤਰ ਕਹਾਉਣ ਵਾਲੇ ਗੰਗਾ ਤੇ ਯਮੁਨਾ ਦਰਿਆਵਾਂ ਦੇ ਪਾਣੀ ਨੂੰ ਕਿੰਨਾ ਗੰਧਲਾ ਕੀਤਾ ਹੈ। ਮਨੁੱਖ ਤੇ ਸਰਕਾਰਾਂ ਉਹਨਾਂ ਨਦੀਆਂ ਨੂੰ ਸਾਫ਼ ਨਹੀਂ ਕਰ ਸਕੀਆਂ।ਕੁਦਰਤ ਨੇ ਬਾਰਸ਼ ਦੇ ਪਾਣੀ ਨਾਲ ਸਾਰੀ ਗੰਦਗੀ ਸਾਫ਼ ਕੀਤੀ ਹੈ। ਪਾਣੀ ਦੀ ਕਮੀ ਨਾਲ ਦੋ ਚਾਰ ਹੋ ਰਿਹਾ ਮਨੁੱਖ ਹੁਣ ਫਿਰ ਕੁਦਰਤ ਤੇ ਹੀ ਕਰੋਪ ਹੋਣ ਦਾ ਦੋਸ਼ ਮੜ੍ਹ ਰਿਹਾ ਹੈ।ਪੰਜ ਆਬ ਤਾਂ ਹੁਣ ਮਨੁੱਖ ਦੀ ਸੰਭਾਲ ਤੋਂ ਬਾਹਰੇ ਹੋ ਗਏ ਹਨ। ਹੁਣ ਕੋਈ ਵੀ ਗੁਆਂਢੀ ਪ੍ਰਾਂਤ ਜਾਂ ਸੰਘੀ ਖੇਤਰ ਪਾਣੀ ਦੀ ਮੰਗ ਨਹੀਂ ਕਰਦਾ? ਪਾਣੀ ਤੇ ਕਰ ਮੰਗਣ ਵਾਲਾ

ਹਿਮਾਚਲ ਵੀ ਹੁਣ ਪਾਣੀ ਰੋਕਣ ਵਿੱਚ ਅਸਮਰਥ ਹੈ। ਪੰਜਾਬ ਕੀ ਕਰੇ? ਉਸ ਨੇ ਤਾਂ ਝੱਲਣਾ ਹੀ ਹੋਇਆ! ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਇਹ ਵੀ ਸਰਬ-ਵਿਆਪਕ ਸਚਾਈ ਹੈ। ਪਾਣੀ ਤਾਂ ਪਾਣੀ ਹੀ ਹੈ। ਇਸ ਦੀ ਸੰਜਮ ਤੇ ਸੰਕੋਚ ਨਾਲ ਵਰਤੋਂ ਤੇ ਸੰਭਾਲ ਸਭ ਦੀ ਜ਼ਿੰਮੇਵਾਰੀ ਬਣਦੀ ਹੈ। ਕੁਦਰਤ ਦੇ ਇਸ ਕ੍ਰਿਸ਼ਮੇ ਤੇ ਅਜਿਹੇ ਸਮੇਂ ਰੋਕ ਲਾਉਣ ਦਾ ਕੋਈ ਵੀ ਸਾਧਨ ਨਹੀਂ ਹੈ। ਪਾਣੀ ਦਾ ਵਹਾਅ ਬੇਕਾਬੂ ਹੁੰਦਾ ਹੈ। ਇੱਕ ਦੂਜੇ ਉੱਪਰ ਦੋਸ਼ ਲਗਾਉਣ ਦੀ ਥਾਂ ਜੇ ਸਾਰੇ ਹੀ ਆਪੋ ਆਪਣੀ ਜ਼ਿੰਮੇਵਾਰੀ ਮਹਿਸੂਸ ਕਰਨ ਤਾਂ ਸਭ ਮੁਸ਼ਕਲਾਂ ਹੱਲ ਹੋ ਜਾਂਦੀਆਂ ਹਨ। ਪਰ ਜੇ ਹਰ ਪਾਸੇ ਰਾਜਨੀਤੀ ਤੇ ਸਵਾਰਥ ਹੀ ਹਾਵੀ ਰੱਖਣਾ ਹੈ ਤਾਂ ਫਿਰ ਮੁਸ਼ਕਲਾਂ ਤਾਂ ਉਤਪੰਨ ਹੋਣਗੀਆਂ ਹੀ।

ਉਹ ਪਾਣੀ ਜਿਸ ਦੀ ਸਪਲਾਈ ਲਈ, ਐੱਸ ਵਾਈ ਐੱਲ ਨਹਿਰ ਵਰਗੇ ਮੁੱਦੇ ਲੰਬੇ ਸਮੇਂ ਤੋਂ ਸਰਕਾਰਾਂ ਬਣਾਉਣ ਤੇ ਤੋੜਨ ਦਾ ਕਾਰਨ ਬਣਦੇ ਆ ਰਹੇ ਹਨ, ਲੜਾਈਆਂ ਝਗੜੇ ਵੀ ਹੁੰਦੇ ਰਹੇ ਹਨ, ਉਹੋ ਪਾਣੀ ਹੁਣ ਸਭ ਲਈ ਡਰਾਉਣਾ ਬਣਿਆ ਹੋਇਆ ਹੈ।ਗੁਰਬਾਣੀ ਬੜਾ ਸੋਹਣਾ ਸੰਕੇਤ ਕਰਦੀ ਹੈ, ਬੇੜਾ ਬੰਧ ਨਾ ਸਕਿਓ ਬੰਧਨ ਕੀ ਬੇਲਾ, ਭਰ ਸਰਵਰ ਜਬ ਉੱਛਲੇ ਤਬ ਤਰਣ ਦੁਹੇਲਾ। ਵਾਤਾਵਰਣ ਦਾ ਸੰਤੁਲਨ ਕਾਇਮ ਰਹੇ ਤਾਂ ਬਾਰਸ਼ਾਂ ਵੀ ਸਮੇਂ ਤੇ ਲੋੜ ਅਨੁਸਾਰ ਹੀ ਹੁੰਦੀਆਂ ਹਨ। ਪਰ ਜਦੋਂ ਸਵਾਰਥ ਤੇ ਲਾਲਚ ਲਈ ਅੰਨ੍ਹੇ-ਵਾਹ ਦਰੱਖਤ ਕੱਟ ਲਏ ਜਾਣ, ਨਵੇਂ ਦਰੱਖਤ ਲਗਾਉਣ ਤੇ ਸਾਂਭ ਸੰਭਾਲ ਦੀ ਕੋਈ ਪ੍ਰਵਾਹ ਨਾ ਕਰੇ ਤਾਂ ਵਾਤਾਵਰਣ ਦੂਸ਼ਿਤ ਹੋਣ ਨਾਲ ਦੂਰ ਅਗਾਮੀ ਅਸਰ ਹੁੰਦਾ ਹੈ। ਹੜ੍ਹ ਦੇ ਪਾਣੀ ਨੇ ਸਭ ਬੰਨ੍ਹ ਤੇ ਗੇਟ ਤੋੜ ਕੇ ਆਪਣਾ ਰਾਹ ਬਣਾ ਲਿਆ। ਕੋਈ ਵੀ ਇਸ ਦੀਆਂ ਪੰਡਾਂ ਨਹੀਂ ਬੰਨ੍ਹ ਸਕਿਆ ਤੇ ਨਾ ਹੀ ਬੰਨ੍ਹ ਸਕੇਗਾ। ਮਨੁੱਖ ਜੋ ਸੁਭਾਅ ਤੋਂ ਹੀ ਸਵਾਰਥੀ ਤੇ ਲਾਲਚੀ ਹੈ ਨੂੰ, ਸਵਾਰਥ, ਲਾਲਚ, ਹਉਮੈ ਤੇ ਲਾਲਚ ਤੋਂ ਉੱਪਰ ਉੱਠ ਕੇ, ਸੱਤਾ ਦੇ ਲਾਲਚ ਤੋਂ ਕਿਨਾਰਾ ਕਰਕੇ ਸਰਬੱਤ ਦੇ ਭਲੇ ਲਈ ਸੋਚਣਾ ਤੇ ਸਮਰਪਣ ਕਰਨ ਦੀ ਭਾਵਨਾ ਨੂੰ ਅਪਣਾਉਣਾ ਪਵੇਗਾ,ਤਾਂ ਹੀ ਮਨੁੱਖੀ ਜੀਵਨ ਸੁਖੀ ਤੇ ਵਿਕਸਤ ਹੋ ਸਕੇਗਾ। ਨਹੀਂ ਤਾਂ ਹੜ੍ਹ ਤੇ ਸੋਕੇ ਵਰਗੇ ਹਾਲਤ ਬਣਦੇ ਹੀ ਰਹਿਣਗੇ ਤੇ ਸਵਾਰਥੀ ਮਨੁੱਖ ਭ੍ਰਿਸ਼ਟ ਗਤੀਵਿਧੀਆਂ ਵਿੱਚ ਉਲਝਦੇ ਰਹਿਣਗੇ। ਕੁਦਰਤ ਗੰਦਗੀ ਦੀ ਸਫ਼ਾਈ ਲਈ ਹੀ ਅਜਿਹੇ ਰਾਹ ਤੇ ਢੰਗ ਵਰਤਦੀ ਹੈ। ਗ਼ਲਤੀ ਹਮੇਸ਼ਾ ਮਨੁੱਖ ਹੀ ਕਰਦਾ ਹੈ ਚਾਹੇ ਉਹ ਸਰਕਾਰ ਦੇ ਰੂਪ ਵਿੱਚ ਕਰੇ ਜਾਂ ਪ੍ਰਬੰਧਕ ਦੇ ਰੂਪ ਵਿੱਚ! ਪਰ ਉਹ ਚਲਾਕੀ ਨਾਲ ਕੁਦਰਤ ਸਿਰ ਦੋਸ਼ ਮੜ੍ਹ ਕੇ ਆਪਣੇ ਆਪ ਨੂੰ ਸੁਰਖ਼ਰੂ ਰੱਖਣ ਵਿੱਚ ਮਸਤ ਰਹਿੰਦਾ ਹੈ।ਪਰ ਸਦਾ ਚਲਾਕੀਆਂ ਕੰਮ ਨਹੀਂ ਆਉਂਦੀਆਂ ਤੇ ਨਤੀਜਾ ਮਨੁੱਖਤਾ ਦੇ ਜਾਨੀ ਤੇ ਮਾਲੀ ਨੁਕਸਾਨ ਦੇ ਰੂਪ ਵਿੱਚ ਨਿਕਲਦਾ ਹੈ।

ਪਾਣੀ ਤਾਂ ਸਦਾ ਹੀ ਨਿਰਮਲ ਤੇ ਸਵੱਛ ਹੁੰਦਾ ਹੈ ਤੇ ਸਫ਼ਾਈ ਦਾ ਹੀ ਸੋਮਾ ਹੈ। ਸਾਡੇ ਆਪਣੇ ਹੀ ਹੱਥ,ਦਿਮਾਗ਼ ਤੇ ਢੰਗ ਤਰੀਕੇ ਗੰਦੇ ਹੁੰਦੇ ਹਨ। ਪਾਣੀ ਪਿਆਸ ਬੁਝਾਉਣ ਤੇ ਸਫਾਈ-ਧੁਲਾਈ ਲਈ ਵਰਤਿਆ ਜਾਣ ਵਾਲਾ ਮੁੱਖ ਸੋਮਾ ਹੈ। ਮਨੁੱਖ ਕਿੰਨਾ ਵੀ ਗੰਦ ਪਾ ਦੇਵੇ,ਗੰਦਗੀ ਖਿਲਾਰ ਲਵੇ ਪਾਣੀ ਝੱਟ ਸਾਫ਼ ਕਰ ਦੇਂਦਾ ਹੈ।



ਪਾਣੀ ਜ਼ਿੰਦਗੀ ਹੈ,ਜੀਵਨ-ਦਾਨ ਹੈ! ਪਰ ਇਸ ਦੇ ਮੂਲ ਸਰੋਤ ਆਕਸੀਜਨ ਤੇ ਹਾਈਡਰੋਜਨ ਹਨ। ਇੱਕ ਅੱਗ ਬਾਲਣ ਵਿੱਚ ਸਹਾਈ ਹੁੰਦੀ ਹੈ ਤੇ ਦੂਜੀ ਖ਼ੁਦ ਬਲਦੀ ਹੈ। ਪਰ ਪਾਣੀ ਅੱਗ ਨੂੰ ਬੁਝਾਉਣ ਦਾ ਕੰਮ ਕਰਦਾ ਹੈ। ਇਸ ਦੀ ਕਮੀ ਕਾਰਨ ਸੋਕਾ, ਅਕਾਲ ਤੇ ਫਿਰ ਮੌਤ ਦਾ ਨੰਬਰ ਆ ਜਾਂਦਾ ਹੈ। ਇਸ ਦੀ ਤੋਟ ਵੀ ਮਾੜੀ ਤੇ ਬਹੁਲਤਾ ਤਾਂ ਹੜ੍ਹਾਂ ਦੇ ਰੂਪ ਵਿੱਚ ਸਭ ਨੇ ਵੇਖ ਈ ਲਈ ਹੈ। ਪਾਣੀ ਦੀ ਸੰਤੁਲਿਤ ਮਾਤਰਾ ਹੀ ਮਨੁੱਖ ਦਾ ਸਹਾਰਾ ਹੈ। ਖ਼ੁਸ਼ਹਾਲੀ ਤੇ ਤਰੱਕੀ ਦਾ ਸਾਧਨ ਹੈ। ਪਰ ਮਨੁੱਖ ਦਾ ਸੁਭਾਅ ਹੀ ਐਸਾ ਹੈ ਕਿ ਉਹ ਹਰ ਸਥਿਤੀ ਦੇ ਉਲਟ ਸੋਚਦਾ ਹੈ। ਪਾਣੀ ਦੀ ਯੋਗ ਵਰਤੋਂ ਕਰਨ ਦੀ ਥਾਂ ਦੁਰਵਰਤੋਂ ਕਰਨ ਵਿੱਚ ਮਸਤ ਰਹਿੰਦਾ ਹੈ। ਕੁਦਰਤ ਦੇ ਅਨਮੋਲ ਤੇ ਮੁਫ਼ਤ ਤੋਹਫ਼ੇ ਨੂੰ ਮਨੁੱਖ ਨੇ ਬੋਤਲਾਂ ਵਿੱਚ ਬੰਦ ਕਰਕੇ ਮੁਨਾਫ਼ਾ ਕਮਾਉਣ ਦੇ ਢੰਗਾਂ ਰਾਹੀਂ ਵੀ ਪਾਣੀ ਦੀ ਦੁਰਵਰਤੋਂ ਹੀ ਕੀਤੀ ਹੈ। ਫਿਰ ਪਾਣੀ ਨੇ ਆਪਣਾ ਅਸਲੀ ਰੰਗ ਵੀ ਵਿਖਾਉਣਾ ਹੀ ਹੋਇਆ। ਏਸੇ ਨੂੰ ਹੀ ਪਰਲੋ ਤੇ ਮਹਾਂ ਪਰਲੋ ਕਹਿੰਦੇ ਹਨ। ਆਮੀਨ!

**ਐਡਵੋਕੇਟ ਦਰਸ਼ਨ ਸਿੰਘ ਰਿਆੜ**
**ਮੋ: 9316311677**

◆◆◆

## ਕੁਦਰਤ ਨਾਲ ਇੱਕ-ਮਿੱਕ ਹੋਣਾ ਸਿੱਖੀਏ

**ਡਾ: ਨਿਸ਼ਾਨ ਸਿੰਘ ਰਾਠੌਰ**



ਮਨੁੱਖ ਦਾ ਸੁਭਾਅ ਹੁੰਦਾ ਹੈ ਕਿ ਉਹ ਵਸਤੂ ਨੂੰ ਆਪਣੇ ਵੱਲੋਂ ਬਣਾਏ ਗਏ ਪੈਮਾਨੇ ਵਿੱਚੋਂ ਕੱਢਣਾ ਚਾਹੁੰਦਾ ਹੈ। ਮਸਲਨ; ਘਰ, ਸਮਾਜ ਅਤੇ ਮੁਲਕ ਵਿਚ ਜੋ ਕੁਝ ਵਾਪਰਦਾ ਹੈ; ਉਹ ਇਹਨਾਂ ਘਟਨਾਵਾਂ ਨੂੰ ਆਪਣੇ ਮਨ ਦੇ ਮੁਤਾਬਕ ਵਾਪਰਦਾ ਦੇਖਣਾ ਚਾਹੁੰਦਾ ਹੈ। ਆਪਣੇ ਘਰ ਦੇ ਜੀਆਂ ਦੇ ਸੁਭਾਅ ਅਤੇ ਰਹਿਣ-ਸਹਿਣ ਨੂੰ ਆਪਣੇ ਅਨੁਕੂਲ ਕਰਨਾ ਚਾਹੁੰਦਾ ਹੈ। ਦੂਜਿਆਂ ਕੋਲੋਂ ਆਪਣੀ ਪਸੰਦ ਦੀ ਗੱਲ ਨੂੰ ਸੁਣਨਾ ਚਾਹੁੰਦਾ ਹੈ।

ਬਿਲਕੁਲ ਇੰਝ ਹੀ ਆਪਣੇ ਸਰੀਰ ਅਤੇ ਮਨ ਦੇ ਮੁਤਾਬਕ ਮੌਸਮ ਨੂੰ ਵੀ ਬਦਲਣਾ ਚਾਹੁੰਦਾ ਹੈ। ਕੁਦਰਤ ਵੱਲੋਂ ਕੀਤੇ ਹੋਏ ਬਦਲਾਅ ਅਕਸਰ ਮਨੁੱਖ ਨੂੰ ਚੁੱਭਦੇ ਹਨ। ਮਨੁੱਖ ਜਿੱਥੇ ਬਹੁਤੀ ਠੰਢ ਵਿਚ ਪ੍ਰੇਸ਼ਾਨ ਹੋ ਜਾਂਦਾ ਹੈ ਉੱਥੇ ਹੀ ਬਹੁਤੀ ਗਰਮੀ ਨੂੰ ਵੀ ਬਰਦਾਸ਼ਤ ਨਹੀਂ ਕਰ ਪਾਉਂਦਾ। ਜਿਸ ਤਰ੍ਹਾਂ ਅੱਜਕਲ੍ਹ ਠੰਢ ਦਾ ਮੌਸਮ ਹੈ। ਕਈ ਦਿਨਾਂ ਤੋਂ ਸੂਰਜ ਨਹੀਂ ਚੜ੍ਹ ਰਿਹਾ। ਲੋਕ ਇਸ ਠੰਢ ਤੋਂ ਨਿਜਾਤ ਪਾਉਣਾ ਚਾਹੁੰਦੇ ਹਨ। ਸੋਸ਼ਲ-ਮੀਡੀਆ ਉੱਪਰ ਸੂਰਜ ਨਾ ਚੜ੍ਹਨ ਕਰਕੇ ਕਈ ਤਰ੍ਹਾਂ ਦੇ ਸੰਦੇਸ਼ ਚਰਚਾ ਦਾ ਵਿਸ਼ਾ ਬਣਦੇ ਰਹਿੰਦੇ ਹਨ।

ਫ਼ਰਵਰੀ ਮਹੀਨੇ ਦੇ ਅੱਧ ਵਿਚ ਜਦੋਂ ਸੂਰਜ ਤੇਜ ਚੜ੍ਹਨ ਲੱਗਾ ਤਾਂ ਲੋਕਾਂ ਨੇ ਫਿਰ ਆਖਣਾ ਸ਼ੁਰੂ ਕਰ ਦੇਣਾ ਹੈ ਕਿ ਜੇਕਰ ਫ਼ਰਵਰੀ ਮਹੀਨੇ ਵਿਚ ਇੰਨੀ ਗਰਮੀ ਹੈ ਤਾਂ ਜੂਨ-ਜੁਲਾਈ ਵਿਚ ਕੀ ਹੋਵੇਗਾ? ਕਹਿ ਤੋਂ ਭਾਵ; ਮਨੁੱਖ ਆਪਣੇ-ਆਪ ਨੂੰ ਕੁਦਰਤ

ਦੇ ਅਨੁਕੂਲ ਨਹੀਂ ਢਾਲਣਾ ਚਾਹੁੰਦਾ ਬਲਕਿ ਕੁਦਰਤ ਨੂੰ ਆਪਣੇ ਮੁਤਾਬਕ ਰੱਖਣਾ ਚਾਹੁੰਦਾ ਹੈ। ਪਰ ਅਜਿਹਾ ਸੰਭਵ ਨਹੀਂ ਹੈ।

ਸਿਆਣਿਆਂ ਦਾ ਕਹਿਣਾ ਹੈ ਕਿ ਹਰ ਮੌਸਮ ਦਾ ਆਪਣਾ ਵੱਖਰਾ ਆਨੰਦ ਹੈ। ਇਸ ਲਈ ਹਰਮੌਸਮ ਦਾ ਆਨੰਦ ਲੈਣਾ ਚਾਹੀਦਾ ਹੈ। ਠੰਢ ਵਿਚ ਠੰਢ ਅਤੇ ਗਰਮੀ ਵਿਚ ਗਰਮੀ। ਇੰਝ ਹੀਬਰਸਾਤ ਦੇ ਮੌਸਮ ਵਿਚ ਬਰਸਾਤ ਦਾ ਅਤੇ ਪਤਝੜ ਦੇ ਮੌਸਮ ਵਿਚ ਪਤਝੜ ਦਾ ਲੁਤਫ਼ ਲੈਣਾ ਚਾਹੀਦਾ ਹੈ। ਦੂਜੀ ਗੱਲ, ਕੁਦਰਤ ਨੇ ਲੱਖਾਂ ਤਰ੍ਹਾਂ ਦੀ ਬਨਸਪਤੀ ਪੈਦਾ ਕਰਨੀ ਹੁੰਦੀ ਹੈ। ਲੱਖਾਂ ਜੀਵਾਂ ਨੂੰ ਭੋਜਨ ਪ੍ਰਦਾਨ ਕਰਨਾ ਹੁੰਦਾ ਹੈ। ਮੌਸਮ ਕਰਕੇ ਕਈ ਤਰ੍ਹਾਂ ਦੇ ਫਲ- ਫੁੱਲ ਪੈਦਾ ਹੁੰਦੇ ਹਨ। ਜੇਕਰ ਇੱਕੋ ਤਰ੍ਹਾਂ ਦਾ ਮੌਸਮ ਹੋ ਗਿਆ ਤਾਂ ਧਰਤੀ ਤੋਂ ਹਜ਼ਾਰਾਂ ਤਰ੍ਹਾਂ ਦੇ ਜੀਵ- ਜੰਤੂ ਖ਼ਤਮ ਹੋ ਜਾਣਗੇ।

ਕੁਦਰਤ ਨਾਲ ਇੱਕ-ਮਿੱਕ ਹੋਇਆ ਮਨੁੱਖ ਕਦੇ ਨਿਰਾਸ਼ ਨਹੀਂ ਹੁੰਦਾ ਬਲਕਿ ਉਹ ਖਿੜੇ ਮੱਥੇ ਹਰ ਮੌਸਮ ਦਾ ਆਨੰਦ ਮਾਣਦਾ ਹੈ/ ਖ਼ੁਸ਼ ਹੁੰਦਾ ਹੈ। ਇਸ ਲਈ ਸਾਨੂੰ ਹਰ ਮੌਸਮ ਦਾ ਲੁਤਫ਼ ਲੈਣਾ ਚਾਹੀਦਾ ਹੈ। ਕੁਦਰਤ ਅਤੇ ਮੌਸਮ ਨੇ ਸਾਡੇ ਮਨ ਅਤੇ ਸੋਚ ਕਰਕੇ ਬਦਲ ਨਹੀਂ ਜਾਣਾ। ਇਸ ਲਈ ਜਿੱਥੇ ਕੋਈ ਹੀਲਾ ਨਹੀਂ ਚੱਲਦਾ ਉੱਥੇ ਸਬਰ ਅਤੇ ਭਾਣੇ ਵਿਚ ਖ਼ੁਸ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਸੰਪਰਕ : 90414-98009

# ਕਹਾਣੀਆਂ

## ਭਾਗੋ

**ਤਰਸੇਮ ਸਿੰਘ ਭੰਗੂ**

ਹੈਲੋ, ਕਾਜਲ ਕਿਵੇਂ ਆ! ਘਰੇ ਸਭ ਠੀਕ ਹੈ ਨਾ!

ਹਮੇਸ਼ਾ ਵਾਂਗ ਦਫ਼ਤਰ ਦੀ ਮੁਖੀ ਮੈਡਮ ਨੇ ਡਿਊਟੀ 'ਤੇ ਆਈ ਸਾਥੀ ਕਰਮਚਾਰਨ ਕਾਜਲ ਨੂੰ ਰੋਟੀ ਵਾਲਾ ਡੱਬਾ ਮੇਜ਼ ਉੱਤੇ ਰੱਖਦੀ ਨੂੰ ਪੁੱਛਿਆ।

ਕਾਜਲ ਦੇ ਘਰ ਕੁਝ ਦਿਨਾਂ ਤੋਂ ਖਿੱਚੋਤਾਣ ਚੱਲ ਰਹੀ ਸੀ ਜਿਸ ਦੀ ਥੋੜ੍ਹੀ ਬਹੁਤ ਸੂਹ ਮੈਡਮ ਨੂੰ ਸੀ।

ਯਾਰ ਮੈਂ ਤਾਂ ਤੰਗ ਆਈ ਪਈ ਆਂ, ਆਪਣੀ ਡੈਣ ਵਰਗੀ ਸੱਸ ਤੋਂ, ਬਾਊ ਜੀ ਤਾਂ ਨਾ ਹੋਇਆਂ ਵਰਗੇ ਈ ਨੇ। ਮੁਨੀਸ਼ ਸਾਊ ਬਣਿਆ ਮਾਂ ਦਾ ਆਗਿਆਕਾਰੀ ਪੁੱਤ ਬਣ ਕੇ ਉਹ ਵੀ ਮਾਂ ਦੀ ਹਾਂ ਵਿੱਚ ਹਾਂ ਮਿਲਾ ਕੇ ਆਖਦਾ ਹੈ, ਕਾਜਲ, ਚੈੱਕ ਕਰਾਉਣ ਵਿੱਚ ਹਰਜ਼ ਵੀ ਕੀ ਆ! ਸੱਸਾਂ ਨੂੰ ਪਹਿਲਾਂ ਤਾਂ ਮੁੰਡਾ ਜੰਮ ਕੇ ਦਿਓ ਭਾਵੇਂ ਲੱਲੂ ਈ ਨਿਕਲੇ, ਜੇ ਮਾੜੀ ਕਿਸਮਤ ਨੂੰ ਕੁੜੀ ਪੈਦਾ ਹੋ ਗਈ ਤਾਂ ਸਮਝੋ ਧਾਅਡਾ ਜੀਣਾ ਦੁੱਭਰ ਹੋ ਗਿਆ। ਤੂੰ ਤਾਂ ਜਾਣਦੀ ਏਂ, ਡਿਊਟੀ ਕਰਦੇ ਕਰਮਚਾਰੀਆਂ ਨੂੰ ਕਈ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਾਜਲ ਨੇ ਰੁਆਂਸੀ ਜਿਹੀ ਆਵਾਜ਼ ਵਿੱਚ ਆਪਣੀ ਪ੍ਰੇਸ਼ਾਨੀ ਸਾਂਝੀ ਕਰਦਿਆਂ ਇੰਝ ਕਿਹਾ ਜਿਵੇਂ ਆਪਣੇ ਘਰ ਪਰਿਵਾਰ ਤੋਂ ਉਹ ਬਹੁਤ ਹੀ ਤੰਗ ਤੇ ਦੁਖੀ ਹੋਵੇ।



ਦੇਖ ਕਾਜਲ, ਘਰ ਪਰਿਵਾਰ ਵਿੱਚ ਸਾਵਾਂਪਨ ਬਣਾਈ ਰੱਖਣ ਲਈ ਸਾਨੂੰ ਆਪਣੇ ਆਪ ਨੂੰ ਬਦਲਣਾ ਪੈਂਦਾ ਹੈ। ਖਾਸ ਕਰਕੇ ਕੁੜੀਆਂ ਦੀਆਂ ਸਾਰੀਆਂ ਗੱਲਾਂ ਸਹੁਰੇ ਘਰ ਆਪਣੀ ਮਰਜ਼ੀ ਨਾਲ ਨਹੀਂ ਚੱਲਦੀਆਂ। ਮੇਰਾ ਕਹਿਣ ਤੋਂ ਭਾਵ ਹੈ ਕਿ ਐਡਜਸਟ ਕਰਨਾ ਪੈਂਦਾ ਹੈ। ਜੇ ਕੋਈ ਤੁਹਾਡੇ  ਵਰਗਾ ਨਹੀਂ ਬਣ ਸਕਦਾ, ਤਾਂ ਤੁਸੀਂ ਉਹਦੇ ਵਰਗੇ ਬਣ ਜਾਓ ਕੋਈ ਮਸਲਾ ਖੜ੍ਹਾ ਹੀ ਨਹੀਂ ਹੋਵੇਗਾ।÷ ਭਾਗੋ ਨੇ ਸਿਆਣਪ ਭਰੀ ਦਲੀਲ ਦਿੱਤੀ।

ਕਾਜਲ ਤੇ ਭਾਗੋ ਇਕੱਲਿਆਂ ਗੱਲਬਾਤ ਕਰਦਿਆਂ ਅਫ਼ਸਰ ਅਤੇ ਕਰਮਚਾਰੀ ਦਾ ਪਾੜਾ ਅਕਸਰ ਖਤਮ ਕਰ ਲੈਂਦੀਆਂ ਹਨ ਕਿਉਂਕਿ ਉਹ ਦੋਵੇਂ ਇਕੱਠੀਆਂ ਪੜ੍ਹੀਆਂ ਹਨ। ਇਤਫ਼ਾਕਨ ਇਸਤਰੀ ਤੇ ਬਾਲ ਵਿਕਾਸ ਵਿਭਾਗ ਵਿੱਚ ਭਾਗੋ ਅਫ਼ਸਰ ਦੀ ਪੋਸਟ 'ਤੇ ਹੈ ਤੇ ਕਾਜਲ ਉਸਦੀ ਜੂਨੀਅਰ ਹੈ। ਵੈਸੇ ਕਾਜਲ ਦੂਸਰੇ ਕਰਮਚਾਰੀਆਂ ਦੇ ਸਾਹਮਣੇ ਭਾਗੋ ਨੂੰ ਪੂਰਾ ਮਾਣ-ਸਤਿਕਾਰ ਦੇਣਾ ਨਹੀਂ ਭੁੱਲਦੀ।

ਭਾਗੋ ਬੰਦੀਏ, ਜਿਸ ਤਨ ਲਾਗੇ ਸੋਈ ਜਾਣੇ, ਜਿਸ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਂਦੀ ਉਸ ਨੂੰ ਸਿਆਣਪਾਂ ਆਪਣੇ ਆਪ ਈ ਆ ਜਾਂਦੀਆਂ ਨੇ। ਤੇਰੇ ਕਹਿਣ ਅਨੁਸਾਰ ਜੇ ਮੈਂ ਉਨ੍ਹਾਂ ਵਰਗੀ ਬਣ ਜਾਵਾਂ ਤਾਂ ਮੇਰਾ ਘਰ ਜੰਗ ਦਾ ਮੈਦਾਨ ਈ ਬਣ ਜਾਵੇ। ਆਖਦੇ ਆ ਕਿ ਜੀਹਦੀ ਕੋਠੀ ਵਿੱਚ ਦਾਣੇ ਉਹਦੇ ਕਮਲ਼ੇ ਵੀ ਸਿਆਣੇ ਕੀ! ਹੁਣ ਮੈਂ ਉਹਦੇ ਵਰਗੀ ਬਣ ਕੇ ਉਨ੍ਹਾਂ ਦੀ ਮਰਜ਼ੀ ਅਨੁਸਾਰ ਪਹਿਲਾਂ ਤਾਂ ਭਰੂਣ ਚੈੱਕ ਕਰਾਵਾਂ ਜੇ ਲੜਕੀ ਹੋਵੇ ਤਾਂ ਫਿਰ ਅਬਾਰਸ਼ਨ। ਆਖਦੀ ਕਾਜਲ ਫਾਈਲਾਂ ਦੀ ਚੱਕ ਥੱਲ ਕਰਦੀ ਇਕ ਤਰ੍ਹਾਂ ਫਿਸ ਹੀ ਪਈ।

ਪਹਿਲਾਂ ਤਾਂ ਭਾਗੋ ਨੂੰ ਇੰਜ ਲੱਗਾ ਸੀ ਜਿਵੇਂ ਉਹ ਘਰੋਂ ਬਹੁਤ ਹੀ ਲੜ ਕੇ ਆਈ ਹੋਵੇ ਤੇ ਦਫ਼ਤਰ ਆ ਕੇ ਆਪਣਾ ਗੁੱਭ-ਗਭਾਟ ਕੱਢ ਰਹੀ ਹੋਵੇ। ਜਦੋਂ ਉਸ ਨੇ ਭਰੂਣ ਚੈੱਕ ਕਰਾਉਣ ਵਾਲੀ ਗੱਲ ਸੁਣੀ ਤਾਂ ਉਸਨੂੰ ਕਾਜਲ ਠੀਕ ਲੱਗੀ। ਕਿਉਂਕਿ ਉਸਦੀ ਪਹਿਲੀ ਬੱਚੀ ਵੀ ਵੱਡੇ ਉਪਰੇਸ਼ਨ ਨਾਲ ਹੋਈ ਸੀ।

ਕਾਜਲ! ਤੇਰੀ ਕੋਠੀ ਤਾਂ ਦਾਣਿਆਂ ਨਾਲ ਭਰੀ ਪਈ ਆ, ਫਿਰ ਤੇਰੇ ਕੋਲ ਸਿਆਣਪ ਨਾ ਹੋਵੇ ਏਹ ਸਮਝੋਂ ਬਾਹਰ ਆ। ਤੈਨੂੰ ਪੜ੍ਹੀ-ਲਿਖੀ ਤੇ ਸਰਕਾਰੀ ਨੌਕਰੀ ਕਰਦੀ ਨੂੰ ਜੇ ਅਨਪੜ੍ਹ ਸੱਸ ਨੇ ਪੜ੍ਹਨੇ ਪਾਇਆ ਹੋਇਆ ਹੈ ਤਾਂ ਘੱਟ ਪੜ੍ਹੀਆਂ ਤੇ ਅਨਪੜ੍ਹਾਂ ਦਾ ਤਾਂ ਰੱਬ ਈ ਰਾਖਾ ਆ! ਇਸ ਮਸਲੇ ਉੱਤੇ ਸਰਕਾਰੀ ਤੌਰ 'ਤੇ ਮੈਂ ਤੇਰੇ ਨਾਲ ਖਲੋਤੀ ਹਾਂ।

ਆਖਦਿਆਂ ਭਾਗੋ ਨੇ ਕਾਜਲ ਨੂੰ ਆਪਣੇ ਨਾਲ ਘੁੱਟ ਲਿਆ।

ਇਸ ਦਫ਼ਤਰ ਵਿੱਚ ਕਾਜਲ ਸੀਨੀਅਰ ਸਹਾਇਕ ਹੈ। ਇੱਕ ਕਲਰਕ, ਇੱਕ ਕਲਾਸ ਫੋਰ ਅਤੇ ਇੱਕ ਡਰਾਈਵਰ ਸਮੇਤ ਤਿੰਨ ਮਰਦ ਕਰਮਚਾਰੀਆਂ ਤੋਂ ਇਲਾਵਾ ਬਾਕੀ ਸਾਰਾ ਸਟਾਫ਼ ਔਰਤਾਂ ਹੀ ਹਨ।

ਭਾਗੋ ਨੂੰ ਪਹਿਲਾਂ ਤਾਂ ਨੂੰਹ-ਸੱਸ ਦੀ ਮਾੜੀ ਮੋਟੀ ਨੋਕ ਝੋਕ ਕਰਕੇ ਹੀ ਕਾਜਲ ਪ੍ਰੇਸ਼ਾਨ ਲੱਗੀ ਸੀ ਪਰ ਜਦੋਂ ਸੱਸ ਵੱਲੋਂ ਪੇਟ ਵਿਚ ਪਲ ਰਿਹਾ ਭਰੂਣ ਚੈੱਕ ਕਰਵਾਉਣ

ਲਈ ਮਜ਼ਬੂਰ ਕਰਨ ਦਾ ਪਤਾ ਲੱਗਾ ਤਾਂ ਉਸ ਨੂੰ ਵੀ ਚੰਗਾ ਨਾ ਲੱਗਾ। ਉਹ ਸੋਚ ਰਹੀ ਸੀ ਕਿ ਔਰਤ ਕਦੋਂ ਔਰਤ ਦਾ ਦਰਦ ਸਮਝੇਗੀ!

ਕਾਜਲ ਅਤੇ ਭਾਗੋ ਕਾਲਜ ਦੇ ਪਹਿਲੇ ਸਾਲ ਤੋਂ ਲੈ ਕੇ ਗ੍ਰੈਜੂਏਸ਼ਨ ਕਰਨ ਤੱਕ ਇੱਕਠੀਆਂ ਪੜ੍ਹਨ ਕਰਕੇ ਪੱਕੀਆਂ ਸਹੇਲੀਆਂ ਹਨ। ਕਾਜਲ ਤਾਂ ਬਚਪਨ ਤੋਂ ਹੀ ਸ਼ਹਿਰਨ ਹੈ ਤੇ ਸ਼ਹਿਰ ਹੀ ਵਿਆਹੀ ਹੋਈ ਹੈ। ਭਾਗੋ ਪਿੰਡ ਦੀ ਜੰਮਪਲ ਹੈ, ਉਸ ਦੇ ਪਤੀ ਦਾ ਪਿਛੋਕੜ ਵੀ ਪੇਂਡੂ ਹੈ ਪਰ ਦੋਵਾਂ ਜੀਆਂ ਦੀ ਸਰਕਾਰੀ ਨੌਕਰੀ ਹੋਣ ਕਰਕੇ ਉਹ ਪਰਿਵਾਰ ਦੀ ਸਹਿਮਤੀ ਨਾਲ ਸ਼ਹਿਰ ਦੇ ਵਸਨੀਕ ਬਣ ਗਏ ਹਨ। ਭਾਗੋ ਦਾ ਸਹੁਰਾ ਪਰਿਵਾਰ ਸੁਹਿਰਦ ਅਤੇ ਅਗਾਂਹਵਧੂ ਸੋਚ ਦਾ ਮਾਲਕ ਹੈ।

ਕਾਜਲ ਤੇ ਭਾਗੋ ਦਾ ਸਹੇਲਪੁਣਾ ਵੀ ਇਕ ਘਟਨਾ ਨਾਲ ਜੁੜਿਆ ਹੋਇਆ ਹੈ।

ਬੀ. ਏ. ਦੇ ਪਹਿਲੇ ਸਾਲ ਵਿੱਚ ਦਾਖਲਾ ਲੈਣ ਤੋਂ ਬਾਅਦ ਦੋਵਾਂ ਦਾ ਕਾਲਜ ਵਿੱਚ ਪਹਿਲਾ ਦਿਨ ਸੀ। ਜਿਵੇਂ ਅਕਸਰ ਕਾਲਜਾਂ ਵਿੱਚ ਨਵੇਂ ਦਾਖਲ ਹੋਏ ਵਿਦਿਆਰਥੀਆਂ ਨੂੰ ਰੈਗਿੰਗ ਦੇ ਨਾਂ 'ਤੇ ਪੁਰਾਣੇ ਫੁਕਰੇ ਵਿਦਿਆਰਥੀ ਤੰਗ ਪ੍ਰੇਸ਼ਾਨ ਕਰਦੇ ਹਨ ਤੇ ਸੁਣਾ ਕੇ ਕਾਨੀਆਂ ਵੀ ਕੱਸਦੇ ਹਨ। ਇਸ ਜੋੜੀ ਨਾਲ ਵੀ ਏਦਾਂ ਈ ਹੋਇਆ। ਕਾਲਜ ਦੇ ਪਹਿਲੇ ਦਿਨ ਕਾਜਲ ਨੇ ਜੀਨ ਦੇ ਨਾਲ ਟਾਪ ਪਹਿਨਿਆ ਹੋਇਆ ਸੀ। ਭਾਗੋ ਲੰਮੀ ਗੁੱਤ ਨਾਲ ਪਹਿਨੇ ਪੰਜਾਬੀ ਸੂਟ ਵਿੱਚ ਫੱਬ ਰਹੀ ਸੀ। ਅਚਾਨਕ ਹੀ ਤੁਰਿਆਂ ਆਉਂਦਿਆਂ ਤਿੰਨ ਮੁੰਡਿਆਂ ਦੀ ਖਲੋਤੀ ਟੋਲੀ ਚੋਂ ਇੱਕ ਮੁੰਡੇ ਦੀ ਆਵਾਜ਼ ਕੰਨੀਂ ਪਈ, ਜਬਈ, ਆਪਾਂ ਤਾਂ ਭੁੱਲੇ ਈ ਬੈਠੇ ਸੀ, ਪੰਜਾਬ ਵਿੱਚ ਹਾਲੇ ਵੀ ਹੀਰਾਂ ਜੰਮਦੀਆਂ ਨੇ!

ਕਾਜਲ ਓਦੋਂ ਤੱਕ ਭਾਗੋ ਦੀ ਬਹੁਤੀ ਵਾਕਫ਼ ਨਹੀਂ ਸੀ। ਦਾਖਲ ਇਕੱਠੀਆਂ ਹੋਈਆਂ ਹੋਣ ਕਰਕੇ ਹੀ ਬਸ ਪਛਾਣ ਸੀ ਤੇ ਬਾਹਰਲੇ ਗੇਟ 'ਤੇ ਮਿਲਣ ਕਰਕੇ ਇਕੱਠੀਆਂ ਹੀ ਕਲਾਸ ਰੂਮ ਵੱਲ ਆ ਰਹੀਆਂ ਸਨ। ਆਵਾਜ਼ ਸੁਣਦਿਆਂ ਹੀ ਭਾਗੋ ਸਮਝ ਗਈ ਕਿ ਹੀਰ ਕਰਕੇ ਉਸ ਨੂੰ ਹੀ ਸੁਣਾਇਆ ਗਿਆ ਹੈ। ਉਹ ਕਾਜਲ ਨੂੰ ਰੁਕ! ਕਹਿ ਕੇ ਆਪ ਸਿੱਧੀ ਮੁੰਡਿਆਂ ਵੱਲ ਨੂੰ ਹੋਈ।

ਧਾਆਡੇ ਮਜਨੂੰਆਂ 'ਚੋਂ ਰਾਂਝਾ ਕੌਣ ਆ ਵੇ ਹਰਾਮ ਦਿਓ? ਭਾਗੋ ਢਾਕਾਂ 'ਤੇ ਹੱਥ ਰੱਖ ਕੇ ਨਿਰੋਲ ਪੇਂਡੂ ਭਾਸ਼ਾ ਵਿੱਚ ਬੋਲੀ।

ਅਕਸਰ ਮੁੰਡੇ ਇੰਜ ਹੀ ਕਰਦੇ ਹਨ ਜੇ ਨਵੀਂ ਵਿਦਿਆਰਥਣ ਨੇ ਕੋਈ ਪ੍ਰਤੀਕਰਮ ਨਹੀਂ ਦਿੱਤਾ ਤਾਂ ਹੋਰ ਪ੍ਰੇਸ਼ਾਨ ਕਰਨ ਵਾਲੀ ਰੈਗਿੰਗ ਸ਼ੁਰੂ ਹੁੰਦੀ ਹੈ। ਮੁੰਡੇ ਨਾਲ ਤਾਂ ਉਲਟੀ ਸਿੱਧੀ ਰੈਗਿੰਗ ਆਉਂਦੇ ਹੀ ਕਰਨਾ ਸ਼ੁਰੂ ਕਰ ਦਿੰਦੇ ਹਨ। ਪੁਰਾਣੀਆਂ ਵਿਦਿਆਰਥਣਾਂ ਵੀ ਨਵੀਂ ਕੁੜੀ ਨਾਲ ਘੱਟ ਨਹੀਂ ਕਰਦੀਆਂ।

ਆਸ ਤੋਂ ਉਲਟ ਤਿੰਨੇ ਮੁੰਡੇ ਭਾਗੋ ਨੂੰ ਸਾਹਮਣੇ ਖਲੋਤੀ ਗੁੱਸੇ ਭਰੀਆਂ ਸੁਆਲੀਆ ਨਜ਼ਰਾਂ ਨਾਲ ਵੇਖਦੀ ਨੂੰ ਵੇਖ ਇਕ ਦੂਜੇ ਵੱਲ ਬਗਲੀਂ ਝਾਕਣ ਲੱਗੇ।

ਜੇ ਤੁਸੀਂ ਵਾਕਿਆ ਈ ਆਪਣੇ ਆਪ ਨੂੰ ਹੀਰ ਮੰਨਦੇ ਓਂ ਤਾਂ ਨਾਚੀਜ਼ ਨੂੰ ਰਾਂਝਾ ਸਮਝ ਲਓ, ਸੱਚੀ ਗੱਲ ਜੇ ਆਪਣੇ ਤੋਂ ਮੱਝਾਂ ਨਹੀਂ ਜੇ ਚਾਰੀਆਂ ਜਾਣੀਆਂ! ਖੜ੍ਹੇ ਕਾਲਰ ਅਤੇ ਜੈੱਲ ਲਾ ਕੇ ਕੱਲਰੀ ਦੱਭ ਦੇ ਸੂਇਆਂ ਵਾਂਗ ਖੜ੍ਹੇ ਕੀਤੇ ਵਾਲ਼ਾ ਵਾਲੇ



ਇੱਕ ਮੁੰਡੇ ਨੇ ਹਿੰਮਤ ਜਿਹੀ ਕਰਕੇ ਫਿਲਮੀ ਅੰਦਾਜ਼ 'ਚ ਮੂੰਹ ਵਿੱਚ ਕੁਝ ਚਬਾਉਂਦੇ ਹੋਏ ਹਿੱਕ ਨੂੰ ਹੱਥ ਲਾਉਂਦਿਆਂ ਥੋੜ੍ਹਾ ਝੁਕਦਿਆਂ ਅੱਖ ਦੱਬ ਕੇ ਹੱਦ ਹੀ ਪਾਰ ਕਰ ਦਿੱਤੀ।

ਦੂਜੇ ਮੁੰਡੇ ਹੀ-ਹੀ ਕਰਕੇ ਹੱਸ ਪਏ।

ਫਿਰ ਤੈਨੂੰ ਹਾਲੇ ਤੱਕ ਪਤਾ ਈ ਨਹੀਂ ਕਿ ਪੰਜਾਬ ਵਿੱਚ ਹੀਰਾਂ ਈ ਨਈਂ, ਭਾਗੋਆਂ ਵੀ ਜੰਮਦੀਆਂ ਨੇ। ਆਖਦਿਆਂ ਭਾਗੋ ਨੇ ਅੱਗੇ ਹੋ ਕੇ ਫਾੜ ਕਰਦਾ ਥੱਪੜ ਮੁੰਡੇ ਦੇ ਮੂੰਹ 'ਤੇ ਜੜ ਦਿੱਤਾ। ਅਣਕਿਆਸੇ ਥੱਪੜ ਨਾਲ ਮੁੰਡਾ ਬੌਂਦਲ ਹੀ ਗਿਆ। ਦੁੱਧ ਮੱਖਣਾਂ ਨਾਲ ਪਲ਼ੀ ਕੁੜੀ ਨੇ ਮੁੰਡੇ ਨੂੰ ਸੰਭਲਣ ਦਾ ਮੌਕਾ ਹੀ ਨਾ ਦਿੱਤਾ ਤੇ ਗਲਮੇ ਤੋਂ ਫੜ ਕੇ

ਇੱਕ ਹੋਰ ਮਾਰ ਕੇ ਸ਼ਹਿਰੀ ਰਾਂਝੇ ਦੀ ਹੋਸ਼ ਹੀ ਭੁਲਾ ਦਿੱਤੀ। ਦੂਸਰੇ ਮੁੰਡੇ ਤਾਂ ਖੋਤੇ ਦੇ ਸਿੰਗਾਂ ਵਾਂਗ ਪਤਾ ਈ ਨਾ ਲੱਗਾ ਕਿਧਰ ਗਾਇਬ ਹੋ ਗਏ। ਏਹ ਅਨੋਖਾ ਦ੍ਰਿਸ਼ ਕਲਾਸ ਰੂਮਾਂ ਨੂੰ ਜਾ ਰਹੇ ਹੋਰ ਵਿਦਿਆਰਥੀ ਮੁੰਡੇ-ਕੁੜੀਆਂ ਨੇ ਵੀ ਵੇਖਿਆ। ਇਸ ਘਟਨਾ ਦੀ ਚਰਚਾ ਪੂਰੇ ਕਾਲਜ ਵਿੱਚ ਹੋ ਗਈ। ਕੁੜੀ ਦੀ ਜੁਰਅੱਤ ਨੇ ਮੁੰਡਿਆਂ ਨੂੰ ਕੁੜੀਆਂ ਵੱਲ ਕੁਨੱਖੇ ਝਾਕਣੋਂ ਹਟਾ ਦਿੱਤਾ। ਇਕੋ ਕਲਾਸ ਹੋਣ ਕਰਕੇ ਕਾਜਲ ਤੇ ਭਾਗੋ ਪੱਕੀਆਂ ਸਹੇਲੀਆਂ ਕੀ ਬਣੀਆਂ ਉਨ੍ਹਾਂ ਦਾ ਸਹੇਲਪੁਣਾ ਪਰਿਵਾਰਕ ਸਾਂਝ ਵਿੱਚ ਬਦਲ ਗਿਆ।

ਪਹਿਲੇ ਦਿਨ ਹੀ ਵਿਗੜਿਆ ਤੇ ਫੁਕਰਾ ਮੁੰਡਾ ਫੈਂਟਣ ਨਾਲ ਭਾਗੋ ਦੀ ਕਾਲਜ ਵਿੱਚ ਬੱਲੇ ਬੱਲੇ ਹੋ ਗਈ ਸੀ।

ਭਾਗੋ ਮੱਧਵਰਗੀ ਕਿਸਾਨ ਪਰਿਵਾਰ ਦੀ ਧੀ ਸੀ। ਉਸਨੇ ਤਪਦੇ ਪਾਣੀਆਂ ਵਾਲੇ ਕੱਦੂ ਕੀਤੇ ਖੇਤ ਵਿੱਚ ਅਨਪੜ੍ਹ ਮਾਂ ਨੂੰ ਪਿਓ ਨਾਲ ਝੋਨਾ ਲਾਉਂਦਿਆਂ ਤੇ ਭਾਦਰੋਂ ਦੇ ਉਨ੍ਹਾਂ ਚੁਮਾਸਿਆਂ ਵਿੱਚ ਨਦੀਨ ਕੱਢਦਿਆਂ ਵੇਖਿਆ ਹੈ, ਜਿਸ ਤੋਂ ਡਰਦਾ ਜੱਟ ਸਾਧ ਹੋ ਗਿਆ ਸੀ। ਉਸ ਦੀ ਮਾਂ ਨਹੀਂ ਚਾਹੁੰਦੀ ਸੀ ਕਿ ਅਨਪੜ੍ਹ ਰਹਿ ਕੇ ਜੋ ਮੁਸੀਬਤਾਂ ਤੇ ਮਿਹਣੇ ਉਸਨੇ ਝੱਲੇ ਹਨ ਉਸਦੀਆਂ ਧੀਆਂ ਵੀ ਝੱਲਣ।

ਭਾਗੋ ਦੇ ਪੈਦਾ ਹੋਣ ਤੋਂ ਬਾਅਦ ਗੁਰਸਿੱਖ ਹੁੰਦਿਆਂ ਹੋਇਆਂ ਵੀ ਦਾਦੀ ਨੇ ਨੱਕ ਤਾਂ ਚਾੜਿ ਆ ਹੀ ਸੀ ਤੇ ਮਾਂ ਵੀ ਘਰ ਵਿੱਚ ਇੱਕ ਨੌਕਰਾਣੀ ਬਣ ਕੇ ਰਹਿ ਗਈ ਸੀ। ਕਿਸੇ ਧਾਰਮਿਕ ਮਸਲੇ ਵਿੱਚ ਜੇਲ੍ਹ ਤੋਂ ਰਿਹਾਅ ਹੋ ਕੇ ਆਏ ਗੁਰਸਿੱਖ ਦਾਦੇ ਨੇ ਜ਼ਰੂਰ ਪੋਤਰੀ ਨੂੰ ਭਾਗਾਂ ਵਾਲੀ ਆਖ ਕੇ ਉਸ ਦਾ ਨਾਮ ਵੀ ਭਾਗੋ ਰੱਖ ਦਿੱਤਾ ਸੀ।

ਸ਼ਰਾਬ ਪੀ ਕੇ ਰੋਜ਼ ਕਚੀਰਾ ਕਰਦਾ ਪਿਓ ਵੀ ਭਾਗੋ ਦੀ ਯਾਦ ਦਾ ਹਿੱਸਾ ਹੈ। ਉਸਨੇ ਕਿਤੇ ਪੜਿ ਆ ਸੀ ਕਿ ਮਾੜੀ ਆਰਥਿਕਤਾ ਵੀ ਕਈ ਵਾਰੀ ਗ਼ਮ ਨੂੰ ਭੁੱਲਣ ਲਈ ਨਸ਼ੇ ਦਾ ਸਹਾਰਾ ਭਾਲਦੀ ਹੈ।

ਬੱਚਿਆਂ ਲਈ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੋਏ ਪਿਤਾ ਨੂੰ ਵੇਖ ਕੇ ਬੱਚੀ ਭਾਗੋ ਨੂੰ ਬਾਪ ਨਾਲ ਕੋਈ ਗਿਲਾ ਨਾ ਰਹਿੰਦਾ। ਦਾਦਾ ਜੀ ਕੋਲੋਂ ਸਿੱਖ ਇਤਿਹਾਸ ਵਿੱਚ ਔਰਤਾਂ ਦੀ ਕੁਰਬਾਨੀ ਅਤੇ ਦਲੇਰੀ ਭਰੇ ਪ੍ਰਸੰਗ ਸੁਣ ਕੇ ਉਸਦੇ ਜੀਵਨ ਵਿੱਚ ਉਤਸ਼ਾਹ ਅਤੇ ਦਲੇਰੀ ਭਰੀ ਸੀ। ਉਹ ਆਪਣੀ ਮਿਹਨਤ ਅਤੇ ਲਗਨ ਨਾਲ ਮੁਕਾਮ ਹਾਸਲ ਕਰਕੇ ਅੱਜ ਮਹੱਤਵਪੂਰਨ ਰੁਤਬੇ ਉੱਤੇ ਬਿਰਾਜਮਾਨ ਹੈ।

ਉਹ ਸਮਝਦੀ ਹੈ ਕਿ ਜੇ ਉਹ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀ ਅਹੁਦੇਦਾਰ ਹੈ ਤਾਂ ਔਰਤਾਂ ਅਤੇ ਬੱਚਿਆਂ ਦਾ ਵਿਕਾਸ ਅਤੇ ਸੁਧਾਰ ਸਹੀ ਅਰਥਾਂ ਵਿੱਚ ਹੋਵੇ।

ਬਤੌਰ ਸੀ.ਡੀ.ਪੀ.ਓ (ਚਾਇਲਡ ਡਿਵੈੱਲਪਮੈਂਟ ਪ੍ਰੋਜੈੱਕਟ ਅਫ਼ਸਰ) ਜਦੋਂ ਦੀ ਭਾਗੋ ਨੇ ਇਸ ਮਹਿਕਮੇ ਵਿੱਚ ਜ਼ਿੰਮੇਵਾਰੀ ਸੰਭਾਲੀ ਹੈ ਓਦੋਂ ਤੋਂ ਹੀ ਪਹਿਲਾਂ ਹੁੰਦੀਆਂ ਬੇਨਿਯਮੀਆਂ ਨੂੰ ਉਸ ਨੇ ਨੱਥ ਪਾਈ ਹੋਈ ਸੀ। ਉਹ ਬੇਨਿਯਮੀ ਚਾਹੇ ਗਲਤ ਲੱਗੀ ਬੁਢਾਪਾ ਪੈਨਸ਼ਨ ਹੋਵੇ, ਯੂਨੀਸੈਫ਼ ਵੱਲੋਂ ਕਪੋਸ਼ਣ ਦੇ ਸ਼ਿਕਾਰ ਬੱਚਿਆਂ ਦੇ ਪੋਸ਼ਣ ਲਈ ਮਿਲਦਾ ਰਾਸ਼ਨ ਹੋਵੇ ਜਾਂ ਉਸ ਦੀ ਗਲਤ ਵੰਡ। ਉਹ ਆਪਣੇ ਬਲਾਕ ਵਿੱਚ ਪੈਂਦੇ ਪਿੰਡਾਂ ਦੀਆਂ ਔਰਤਾਂ ਨੂੰ ਸੈਲਫ਼ ਹੈੱਲਪ ਗਰੁੱਪ ਬਣਾ ਕੇ ਆਤਮ ਨਿਰਭਰ ਬਣਾਉਣ ਲਈ ਪ੍ਰੇਰਿਤ ਕਰਦੀ ਸੀ। ਮਰਦ ਜਾਂ ਔਰਤ ਹਿੰਸਾ ਦੀ ਸ਼ਿਕਾਰ ਕਿਸੇ ਵੀ ਔਰਤ ਦੇ ਨਾਲ ਖਲੋਅ ਕੇ ਉਸ ਨੂੰ ਆਪਣੀ ਤਾਕਤ ਪ੍ਰਤੀ ਜਾਗਰੂਕ ਵੀ ਕਰਦੀ ਸੀ। ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦੀ ਮਦਦ ਨਾਲ ਗਰਭਵਤੀ ਔਰਤਾਂ ਅਤੇ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਦੀ ਮਹਿਕਮੇ ਵੱਲੋਂ ਮਦਦ ਕਰਨੀ ਆਪਣਾ ਫ਼ਰਜ਼ ਸਮਝਦੀ।

ਉਸ ਦੇ ਦਫ਼ਤਰ ਵਿੱਚ ਉਸਦੀ ਕੁਲੀਗ ਨਾਲ ਇੱਕ ਔਰਤ ਵੱਲੋਂ ਹੀ ਮਾਨਸਿਕ ਹਿੰਸਾ ਕੀਤੀ ਜਾ ਰਹੀ ਹੋਵੇ ਤੇ ਉਹ ਚੁੱਪ ਰਹੇ ਇਹ ਕਿਵੇਂ ਹੋ ਸਕਦਾ ਸੀ। ਉਹ ਸਾਰਾ ਦਿਨ ਕਾਜਲ ਦੀ ਪ੍ਰੇਸ਼ਾਨੀ ਬਾਰੇ ਹੀ ਸੋਚਦੀ ਰਹੀ।

ਸ਼ਾਮ ਨੂੰ ਛੁੱਟੀ ਮੌਕੇ ਭਾਗੋ ਨੇ ਕਾਜਲ ਨੂੰ ਤੁਰਦਿਆਂ ਕਿਹਾ, ਕਾਜਲ, ਧਿਆਨ ਨਾਲ ਮੇਰੀ ਗੱਲ ਸੁਣ, ਭਰੂਣ ਚੈੱਕ ਕਰਵਾਉਣ ਬਾਰੇ ਤਾਂ ਸੋਚਣਾ ਵੀ ਨਹੀਂ। ਇਸ ਹਾਲਤ ਵਿੱਚ ਮੇਰੇ ਹੁੰਦਿਆਂ ਚਿੰਤਾ ਤਾਂ ਬਿਲਕੁੱਲ ਨਹੀਂ ਕਰਨੀ। ਦੁਬਾਰਾ ਆਖਣ 'ਤੇ ਸੱਸ ਨੂੰ ਠੋਕ ਕੇ ਜਵਾਬ ਦੇਣਾ ਹੈ ਕਿ ਮੈਂ ਚੈੱਕ ਨਹੀਂ ਕਰਾਉਣਾ। ਭਾਗੋ ਚਾਹੁੰਦੀ ਸੀ ਕਿ ਕਾਜਲ ਵਿੱਚ ਆਤਮ ਵਿਸ਼ਵਾਸ ਜਾਗੇ ਜਿਸ ਦੀ ਖਾਸ ਕਰਕੇ ਔਰਤ ਨੂੰ ਵਰਤਮਾਨ ਵਿੱਚ ਲੋੜ ਹੈ।

ਦੋ ਦਿਨ ਬਾਅਦ ਕਾਜਲ ਨੇ ਸੱਸ ਅਤੇ ਪਤੀ ਵੱਲੋਂ ਅਲਾਪਿਆ ਰਾਗ ਭਾਗੋ ਨੂੰ ਫਿਰ ਕਹਿ ਸੁਣਾਇਆ ਤੇ ਨਾਲ ਹੀ ਚੈੱਕ ਕਰਾਉਣ ਤੋਂ ਸਾਫ਼ ਮਨਾ ਕਰਨਾ ਵੀ ਦੱਸ ਦਿੱਤਾ।

ਠੀਕ ਹੈ, ਤੂੰ ਚਿੰਤਾ ਛੱਡ ਕੇ ਕੰਮ ਕਰ, ਮੈਂ ਸੈਂਟਰ ਚੈੱਕ ਕਰਨ ਤੋਂ ਬਾਅਦ ਤੇਰੇ ਘਰ ਆਪ ਜਾਵਾਂਗੀ। ਆਖ ਕੇ ਡਰਾਈਵਰ ਨੂੰ ਗੱਡੀ ਤਿਆਰ ਕਰਨ ਲਈ ਆਖਿਆ।

ਪੁੱਤਰ ਦੀ ਲਾਲਸਾ ਬਹੁਤੀ ਔਰਤ ਨੂੰ ਹੀ ਹੁੰਦੀ ਹੈ। ਹਰੇਕ ਔਰਤ ਧੀ ਪੈਦਾ ਹੋਣ 'ਤੇ ਜੱਚਾ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੀ ਏਹ ਜ਼ਰੂਰ ਆਖਦੀ ਹੈ, ਜੇ ਰੱਬ ਕੋਈ ਚੰਗੀ ਚੀਜ਼ ਹੀ ਦੇ ਛੱਡਦਾ, ਕੋਈ ਸਿਆਣਪ ਦਾ ਸਬੂਤ ਦੇਂਦੀ ਕਹੇਗੀ, ਉਹ ਧੀ ਸੁਲੱਖਣੀ ਜੀਹਨੇ ਪਹਿਲਾਂ ਜਾਈ ਲੱਛਮੀ, ਕੋਈ ਆਖੇਗੀ, ਹੁਣ ਵੀਰ ਦੀ ਬਾਂਹ ਵੀ ਫੜੀਂ! ਕਈ ਥਾਈਂ ਜਨਮ ਦੇਣ ਵਾਲੀ ਵੀ ਪੁੱਤਰ ਦੀ ਲਾਲਸਾ ਕਰਕੇ ਭਰੂਣ ਚੈੱਕ ਕਰਾਉਣ ਵਾਸਤੇ ਰਾਜ਼ੀ ਹੋ ਜਾਂਦੀ ਹੈ। ਹੁਣ ਜ਼ਮਾਨਾ ਬਦਲ ਗਿਆ ਹੈ। ਅਜਿਹਾ ਕੁਝ



ਸੋਚਦੀ ਜਦੋਂ ਦੁਪਹਿਰ ਵੇਲੇ ਭਾਗੋ ਕਾਜਲ ਦੇ ਘਰ ਪਹੁੰਚੀ ਤਾਂ ਉਸ ਦੀ ਸੱਸ ਦੇ ਸੁਆਗਤੀ ਬੋਲ ਉਸਨੂੰ ਕਿਸੇ ਫਫੇਕੁਟਣੀ ਵਰਗੇ ਲੱਗੇ, ਸ਼ੁਕਰ ਹੈ ਕਿਤੇ ਧੀ ਰਾਣੀ ਨੂੰ ਸਾਡੇ ਘਰ ਦਾ ਰਾਹ ਵੀ ਯਾਦ ਆਇਆ, ਮੈਂ ਕਾਜਲ ਨੂੰ ਕਈ ਵਾਰ ਆਖ ਚੁੱਕੀ ਆਂ ਕਿ ਭਾਗੋ ਤਾਂ ਤੇਰੀ ਨਾਮ ਦੀ ਹੀ ਭੈਣ ਬਣੀ ਹੋਈ ਆ, ਅਫ਼ਸਰ ਬਣ ਕੇ ਕਦੇ ਘਰ ਤਾਂ ਆਈ ਨਹੀਂ, ਆ ਬੈਠ ਮੇਰੀ ਧੀ। ਮਾਈ ਨੇ ਸੋਫ਼ੇ ਦੇ ਕਵਰ ਦੇ ਐਵੇਂ ਹੀ ਵੱਟ ਕੱਢਣ ਦਾ ਡਰਾਮਾ ਜਿਹਾ ਕਰਦੀ ਨੇ ਕਿਹਾ।

ਭਾਗੋ ਅਜਿਹੀਆਂ ਔਰਤਾਂ ਵਿੱਚ ਰੋਜ਼ਾਨਾ ਵਿਚਰਦੀ ਸੀ। ਕੋਈ ਕਿਥੋਂ ਬੋਲਦੀ ਹੈ ਉਹ ਸਭ ਸਮਝਦੀ ਹੈ।

ਮਾਸੀ ਜੀ, ਹੋਰ ਸੁਣਾਓ ਸਿਹਤ ਕਿਵੇਂ ਆ! ਭਾਗੋ ਨੇ ਵੀ ਬਨਾਵਟੀ ਜਿਹਾ ਹੀ ਕਿਹਾ।

ਬੱਸ ਧੀਏ, ਸ਼ੁਕਰ ਐ ਮਾਤਾ ਰਾਣੀ ਦਾ, ਮੇਰੀ ਲਾਡੋ ਠੰਡਾ ਪੀਏਗੀ ਜਾਂ ਚਾਹ। ਆਖਦੀ ਉਹ ਭਾਗੋ ਦਾ ਪ੍ਰਤੀਕਰਮ ਲੈਣ ਲਈ ਚੁੱਪ ਹੋ ਗਈ।

ਜੋ ਮਰਜ਼ੀ ਲੈ ਆਓ, ਆਪਣਾ ਈ ਘਰ ਆ।

ਬੇਸ਼ੱਕ ਭਾਗੋ ਨੂੰ ਮਾਤਾ ਦੇ ਫਫੜੇ ਚੰਗੇ ਨਹੀਂ ਲੱਗ ਰਹੇ ਸਨ ਪਰ ਬੈਠ ਕੇ ਕੁਝ ਦੇਰ ਗੱਲਬਾਤ ਕਰਨ ਲਈ ਕੁਝ ਤਾਂ ਲੈਣਾ ਹੀ ਪੈਣਾ ਸੀ।

ਮਾਤਾ ਵੱਲੋਂ ਲਿਆਂਦੇ ਠੰਡੇ ਲਿਮਕੇ ਦੀ ਘੁੱਟ ਭਰਕੇ ਭਾਗੋ ਨੇ ਗਿਲਾਸ ਮੇਜ਼ 'ਤੇ ਰੱਖਦਿਆਂ ਅਸਲ ਮੁੱਦੇ ਵੱਲ ਆਉਂਦਿਆਂ ਠਾਹ ਸੋਟਾ ਮਾਰਨ ਵਾਂਗ ਕਿਹਾ, ਮਾਸੀ ਜੀ, ਕਾਜਲ ਨੂੰ ਭਰੂਣ ਚੈੱਕ ਕਰਾਉਣ ਲਈ ਮਜਬੂਰ ਕਿਉਂ ਕਰ ਰਹੇ ਜੇ

ਕੁੜੀ ਦੇ ਅਣਕਿਆਸੇ ਸੁਆਲ ਨੇ ਚਤਰ ਮਾਤਾ ਨੂੰ ਭੁਆਂਟਣੀ ਦੇ ਦਿੱਤੀ। ਧ ਧੀਏ, ਮਮ ਮੈਂ ਤਾਂ ਸੋਚਦੀ ਸੀ ਕਿ ਅਣਸ ਤੋਰਨ ਲਈ ਇਕ ਪੁੱਤਰ ਵੀ ਤੇ ਹੋਣਾ ਚਾਹੀਦਾ ਹੈ! ਮਾਤਾ ਸੰਭਲ ਚੁੱਕੀ ਸੀ।

ਵੇਖੋ ਮਾਸੀ ਜੀ, ਏਹ ਸਭ ਦਕੀਆਨੁਸੀ ਗੱਲਾਂ ਨੇ, ਕਾਜਲ ਤੁਹਾਡੇ ਪੁੱਤਰ ਨਾਲੋਂ ਕਿਹੜੀ ਗੱਲੋਂ ਘੱਟ ਆ ਭਲਾ! ਸਾਲ ਵਿੱਚ ਦੋ ਵਾਰ ਜਿਹੜੀਆਂ ਅਸੀਂ ਕੰਜਕਾਂ ਪੂਜਦੇ ਹਾਂ ਕੀ ਉਹ ਡਰਾਮਾ ਈ ਹੁੰਦਾ ਹੈ? ਪੂਰੀ ਦੁਨੀਆ ਵਿੱਚ ਮਸ਼ਹੂਰ ਹੋਣ ਵਾਲੀ ਕਲਪਨਾ ਚਾਵਲਾ ਲੜਕੀ ਨਹੀਂ ਸੀ? ਸ਼ਾਇਦ ਤੁਹਾਨੂੰ ਪਤਾ ਨਹੀਂ ਕਿ ਅੱਜ ਕੱਲ ਭਰੂਣ ਦੀ ਜਾਣਕਾਰੀ ਦੇਣਾ ਅਤੇ ਲੈਣਾ ਵੀ ਕਨੂੰਨੀ ਜੁਰਮ ਹੈ। ਤੁਸੀਂ ਤਾਂ ਕੀ ਕਾਜਲ ਖੁਦ ਚਾਹ ਕੇ ਵੀ ਅਜਿਹਾ ਗੈਰਕਾਨੂੰਨੀ ਕੰਮ ਨਹੀਂ ਕਰ ਸਕਦੀ। ਹਾਂ, ਜੇ ਕੋਈ ਇਹ ਗਲਤੀ ਕਰਦਾ ਹੈ ਤਾਂ ਸਲਾਖਾਂ ਦੇ ਪਿੱਛੇ ਜਾਂਦਾ ਹੈ ਕਿਉਂਕਿ ਹਰੇਕ ਗਰਭਵਤੀ ਔਰਤ ਦੇ ਭਰੂਣ ਦਾ ਰਿਕਾਰਡ ਆਨਲਾਈਨ ਸੁਰੱਖਿਅਤ ਹੁੰਦਾ ਹੈ। ਗਲਤੀ ਕਰਕੇ ਜੇਲ੍ਹ ਜਾਣਾ ਹੈ ਜਾਂ ਕਾਜਲ ਦੀ ਚੰਗੀ ਦੇਖਭਾਲ ਕਰਨੀ ਹੈ, ਫੈਸਲਾ ਤੁਹਾਡੇ ਹੱਥ ਹੈ। ਭਾਗੋ ਬਾਕੀ ਠੰਡਾ ਪੀਤੇ ਬਿਨਾਂ ਹੀ ਉੱਠ ਖਲੋਤੀ।

ਕਾਜਲ ਦੀ ਸੱਸ ਤੁਰਦੀ ਭਾਗੋ ਨੂੰ 'ਬੈਠੋ ਬੇਟਾ' ਆਖਣਾ ਹੀ ਭੁੱਲ ਗਈ। ਉਹ ਤਾਂ ਸੋਚੀ ਬੈਠੀ ਸੀ ਕਿ ਉਹ ਕਾਜਲ ਨੂੰ ਚੈੱਕ ਕਰਾਉਣ ਦੀ ਸਲਾਹ ਦੇਵੇ।

ਕਾਜਲ ਨੇ ਬੱਚੇ ਦੇ ਜਨਮ ਤੋਂ ਦੋ ਮਹੀਨੇ ਪਹਿਲਾਂ ਜਣੇਪਾ ਛੁੱਟੀ ਲੈ ਲਈ। ਭਾਗੋ ਗਾਹੇ-ਬਗਾਹੇ ਸਮਾਂ ਕੱਢ ਕੇ ਕਾਜਲ ਦਾ ਪਤਾ ਵੀ ਲੈਂਦੀ ਰਹੀ।

ਇੱਕ ਦਿਨ ਦਫ਼ਤਰ ਖੁੱਲ੍ਹਣ ਤੋਂ ਬਾਅਦ ਜਲਦੀ ਹੀ ਕਾਜਲ ਦਾ ਪਤੀ ਮੁਨੀਸ਼ ਮਠਿਆਈ ਦਾ ਡੱਬਾ ਫੜੀ ਦਫ਼ਤਰ ਦਾਖਲ ਹੋਇਆ। ਭਾਗੋ ਨੂੰ ਡੱਬਾ ਫੜਾਉਂਦਿਆਂ ਮੁਸਕਰਾ ਕੇ ਬੋਲਿਆ, ਮੁੰਡੇ ਦੀ ਮਾਸੀ ਜੀ ਨੂੰ ਵਧਾਈਆਂ।

ਕਦੋਂ ਹੋਇਆ ਬੱਚਾ, ਘਰ ਜਾਂ ਹਸਪਤਾਲ, ਮਾਂ ਪੁੱਤ ਠੀਕ-ਠਾਕ ਹਨ! ਡਲਿਵਰੀ ਨਾਰਮਲ ਹੋਈ ਜਾਂ..? ਭਾਗੋ ਨੇ ਕਈ ਸੁਆਲ ਕਰ ਦਿੱਤੇ ਕਿਉਂਕਿ ਕਾਜਲ ਦਾ ਪਹਿਲਾਂ ਵੀ ਵੱਡਾ ਉਪਰੇਸ਼ਨ ਹੋਇਆ ਹੋਣ ਕਰਕੇ ਡਰ ਵੀ ਸੀ।

ਹਾਂ ਜੀ, ਬਿਲਕੁਲ ਠੀਕ-ਠਾਕ ਨੇ, ਸਰਕਾਰੀ ਹਸਪਤਾਲ ਵਿੱਚ ਨਾਰਮਲ ਹੀ ਹੋਇਆ ਹੈ। ਮੁਨੀਸ਼ ਹੱਥ ਜੋੜੀ ਖਲੋਤਾ ਸੀ।

ਬੈਠੋ ਤੁਸੀਂ ਖਲੋਤੇ ਕਿਉਂ ਹੋ, ਡਰਾਈਵਰ ਪਹੁੰਚਣ ਵਾਲਾ ਹੈ ਆਪਾਂ ਹੁਣੇ ਹਸਪਤਾਲ ਚੱਲਦੇ ਹਾਂ। ਖੁਸ਼ੀ ਭਰੀ ਖਬਰ ਸੁਣ ਕੇ ਭਾਗੋ ਦੇ ਚਿਹਰੇ ਤੋਂ ਖੁਸ਼ੀ ਡੁੱਲ੍ਹ-ਡੁੱਲ੍ਹ ਪੈ ਰਹੀ ਸੀ।

ਭਾਗੋ ਨੇ ਸਭ ਤੋਂ ਪਹਿਲਾ ਕੰਮ ਕਾਜਲ ਨੂੰ ਵਧਾਈ ਦੇਣ ਵਾਲਾ ਹੀ ਕੀਤਾ।

ਮਾਸੀ ਜੀ, ਦਾਦੀ ਨੂੰ ਪੋਤੇ ਦੀਆਂ ਢੇਰ ਸਾਰੀਆਂ ਵਧਾਈਆਂ। ਆਖਦਿਆਂ ਉਸ ਦੇ ਹੱਥ ਫੜ ਕੇ ਆਖਿਆ, ਮਾਸੀ ਜੀ, ਕੁਦਰਤ ਆਪਣਾ ਸਮਤੋਲ ਰੱਖਣਾ ਜਾਣਦੀ ਹੈ, ਸਾਨੂੰ ਹੀ ਉਸ ਉੱਤੇ ਭਰੋਸਾ ਨਹੀਂ ਜੋ ਉਸ ਦੇ ਕੰਮਾਂ ਵਿੱਚ ਦਖਲ ਦੇਣ ਲੱਗ ਪੈਂਦੇ ਹਾਂ, ਉਸ ਦਿਨ ਮੇਰੇ ਕਹੇ ਦਾ ਜੇ ਬੁਰਾ ਲੱਗਾ ਹੋਵੇ ਤਾਂ ਧੀ ਸਮਝ ਕੇ ਮਾਫ਼ ਕਰ ਦੇਣਾ। ਖੁਸ਼ੀ ਵਿੱਚ ਭਾਗੋ ਦੀਆਂ ਅੱਖਾਂ ਭਰ ਆਈਆਂ ਸਨ।

ਧੀਏ, ਤੂੰ ਤਾਂ ਉਸ ਦਿਨ ਇਸ ਅੰਨ੍ਹੀ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਸਨ।ਆਖਦਿਆਂ ਮਾਤਾ ਨੇ ਭਾਗੋ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ।

**ਤਰਸੇਮ ਸਿੰਘ ਭੰਗੂ**

**ਫੋਨ 9465656214**

◆◆◆

**ਮਿੰਨੀ ਕਹਾਣੀ**

## "ਨਸੂਰ

ਹਨੀ ਪਿੱਛਲੇ 4 ਸਾਲ ਬਾਅਦ ਅੱਜ ਕੈਨੇਡਾ ਤੋਂ ਘਰ ਆ ਰਿਹਾ ਸੀ। ਮਾਂ-ਬਾਪ ਤੋ ਪੁੱਤਰ ਦੇ ਆਉਣ ਦੀ ਖੁਸ਼ੀ ਸੰਭਾਲੀ ਨਹੀ ਜਾ ਰਹੀ ਸੀ। ਮਾ ਨੇ ਪੁੱਤਰ ਦੇ ਆਉਣ ਦੀ ਖੁਸ਼ੀ ਵਿੱਚ ਘਰ ਦੇ ਸੱਭ ਕੰਮ ਨਿਪਟਾ ਕੇ, ਵਿਹੱੜੇ ਵਿੱਚ ਬੈਠੀ ਗੇਟ ਦੇ ਬਾਹਰ ਪੁੱਤਰ ਦੀ ਉਡੀਕ ਕਰ ਰਹੀ ਸੀ।

ਥੋੜ੍ਹੀ ਦੇਰ ਬਾਅਦ ਇੱਕ ਕਾਰ ਗੇਟ ਵਿੱਚ ਰੁੱਕੀ,ਤਾ ਮਾਂ ਭੱਜ ਕੇ ਗੇਟ ਵੱਲ ਗਈ ਡਰਾਇਵਰ ਕਾਰ ਦੀ ਡਿੱਗੀ ਵਿੱਚੋਂ ਸਮਾਨ ਉੱਤਾਰ ਰਿਹਾ ਸੀ ,ਤਾਂ ਮਾਂ ਨੇ ਪੁੱਤਰ ਨੂੰ ਅਪਣੇ ਕਲਾਵੇ ਵਿੱਚ ਲੈਕੇ ਖੁਸ਼ੀ ਦੇ ਹੰਝੂ ਰੋ ਰਹੀ ਸੀ,ਪਰ ਹਨੀ ਦੀ ਨਜ਼ਰ ਮਾਂ ਦੇ ਮੱਮਤਾ ਵਿੱਚ ਡਿੱਗ ਰਹੇ ਅੱਥਰੂਆ ਵੱਲ ਨਹੀ ਸੀ।ਸਗੋਂ ਵਾਰ-ਵਾਰ ਘਰ ਦੇ ਵਿੱਹੜੇ ਵਿੱਚਕਾਰ



ਨਿੱਕਲੀ ਪੱਕੀ ਕੰਧ ਨਾਲ ਟੱਕਰਾਂ ਰਹੀ ਸੀ, ਮਾਂ ਨੂੰ ਪਤਾ ਹੀ ਨਹੀ ਲੱਗਾ ਕਿ ਕਦੋਂ ਉਸ ਦੇ ਕਲਾਵੇ ਵਿੱਚੋਂ ਨਿੱਕਲ ਹਨੀ ਦੀਵਾਰ ਕੋਲ ਖੜ੍ਹਾ ਇੱਸ ਤੋ ਅੱਗੇ ਉਸ ਨੂੰ ਕੁੱਝ ਨਹੀ ਸੀ ਦਿਸ ਰਿਹਾ।ਹਨੀ ਨੇ ਭਰੀਆਂ ਅੱਖਾਂ ਨਾਲ ਕੋਲ ਖੱੜ੍ਹੇ ਪਿਓ ਨੂੰ ਕਿਹਾ"ਡੈਡੀ ਮੈਨੂੰ ਕੰਧ ਨਹੀ ਭਰਾ ਚਾਹੀਦਾ,ਚਾਚਾ- ਚਾਚੀ ਉਹ ਮੱਝਾਂ ਜਿੰਨਾ ਦਾ ਕੱਚਾ ਦੁੱਧ ਪੀਤਾ,ਉਹ ਵਿੱਹੜਾ ਜਿਸ ਵਿੱਚ ਮੈ ਤੇ ਗਿੰਨੀ ਖੇਡੇ, ਉਹ ਥਾਲੀ ਜਿਸ ਵਿੱਚ ਮੈਂ ਬੱਚਪਨ ਵਿੱਚ ਭਰਾ ਨਾਲ ਸਾਂਝੀ ਰੋਟੀ ਖਾਧੀ,ਉਹ ਸਾਂਝ ਡੈਡੀ ਇਸ ਕੰਧ ਉਹਲੇ,ਮੈ ਅੱਜ ਕਨੇਡਾ ਤੋ ਇਹ ਸੱਭ ਵੇਖਣ ਲਈ ਆਇਆ,ਉਸ ਨੂੰ ਅੱਜ ਆਪਣਾ ਘਰ ਬਹਾਨਾ-ਬਗਾਨਾ ਲੱਗ ਰਿਹਾ ਸੀ।ਹਨੀ ਨੇ ਜ਼ੋਰ ਦੀ ਅਵਾਜ ਦਿੰਦਿਆਂ ਕਿਹਾ"ਚਾਚੇ ਉਏ ਮੇਰੀਆਂ ਗੋਲ ?ਿਆਂ, ਮੇਰਾ ਬੱਚਪਨ ਉੱਧਰ ਕੰਧ ਉਹਲੇ ਰਹਿਗਿਆ"ਕੰਧ ਪਿੱਛੋਂ ਅਵਾਜ ਹਨੀ ਦੇ ਕੰਨਾ ਵਿੱਚ ਗੂੰਜੀ,ਮੈਨੂੰ ਪੱਤਾ ਪੁੱਤਰਾਂ ਮੈ ਤੇ ਤੇਰਾ ਡੈਡੀ ਬੇ-ਬੱਸ ਆ ! ਕੋਲ ਖੜੇ ਮੰਮੀ- ਡੈਡੀ ਨੇ ਹਨੀ ਨਾਲ ਲੋਬੀ ਵੱਲ ਜਾਂਦਿਆਂ ਕਿਹਾ"ਪੁੱਤਰ ਅਸੀ ਤੇਰੇ ਕੁੱਝ ਵੀ ਨਹੀ ਲੱਗਦੇ,ਸਾਡੇ ਨਾਲ ਤੇਰੀ ਕੋਈ ਸਾਂਝ ਨਹੀ, ਪਰ ਵਿਹੜੇ ਵਿੱਚਲੀ ਕੰਧ ਉਸ ਨੂੰ ਨਸੂਰ ਵਾਂਗੂ ਚੁੱਭ ਰਹੀ ਸੀ।

ਹਨੀ ਨੂੰ ਇੱਕ ਮਹੀਨਾ ਇੱਕ ਸਾਲ ਵਾਂਗੂ ਲੱਗ ਰਿਹਾ ਸੀ।ਵਾਪਿਸ ਕੈਨੇਡਾ ਜਾ ਰਹੇ ਹਨੀ ਨੇ ਚਾਚੇ ਨੂੰ ਸੰਬੋਧਨ ਕਰਦਿਆਂ ਕਿਹਾ"ਚੰਗਾ ਚਾਚਾ ਉਏ ਜੇ ਤੂੰ ਮਜਬੂਰ ਐ ਤਾ ਮੈਂ ਵੀ ਮਜਬੂਰ ਆ। ਮੈਂ ਚਲਿਆਂ ਵਾਪਿਸ ਕੈਨੇਡਾ ਕਹਿੰਦਿਆਂ ਦਰਵਾਜ਼ੇ ਵਿੱਚ ਖੜੀ ਟੈਕਸੀ ਵਿੱਚ ਬੈਠ ਗਿਆ ਤੇ ਟੈਕਸੀ ਧੂੜਾ ਪੱਟਦੀ ਪਿੰਡ ਦੀ ਫਿਰਨੀ ਤੇ ਜਾ ਚੱੜੀ,ਚਾਚਾ ਕੋਠੇ ਤੇ ਖੱੜਾ ਫਿਰਨੀ ਉੱਪਰੋਂ ਉੱਡ ਰਹੀ ਟੈਕਸੀ ਦੀ ਧੂੜ ਵੇਖ ਰਿਹਾ ਸੀ।

**ਰਾਜਦੇਵ ਕੌਰ ਸਿੱਧੂ ਬਠਿੰਡਾ**

**ਮੋ. 99157-43701**

◆◆◆

# ਪੁਸਤਕ ਸਮੀਖਿਆ

## ਮਹਿਕਦੇ ਅਹਿਸਾਸ (ਗ਼ਜ਼ਲ ਸੰਗ੍ਰਹਿ)

**ਲੇਖਕ ਸੀਤਲ ਸਿੰਘ 'ਗੁੰਨੋਪੁਰੀ'**

ਪ੍ਰਕਾਸਕ : ਖ਼ੁਦ ਲੇਖਕ ਸੀਤਲ ਸਿੰਘ 'ਗੁੰਨੋਪੁਰੀ'

ਮੁੱਲ:200 ਰੁਪਏ ਸਫ਼ੇ 112

ਮੋਬਾਇਲ 9815315034

'ਮਹਿਕਦੇ ਅਹਿਸਾਸ' ਗ਼ਜ਼ਲ ਸੰਗ੍ਰਹਿ ਸੀਤਲ ਸਿੰਘ ਗੁੰਨੋਪੁਰੀ ਦਾ ਤੀਸਰਾ ਗ਼ਜ਼ਲ ਸੰਗ੍ਰਹਿ ਹੈ। ਇਸ ਵਿੱਚ ਕਵੀ ਵੱਲੋਂ ਕੁੱਲ 94 ਗ਼ਜ਼ਲਾਂ ਸ਼ਾਮਿਲ ਕੀਤੀਆਂ ਗਈਆਂ ਹਨ ਜਿਨ੍ਹਾਂ ਵਿੱਚ ਕਵੀ ਵੱਲੋਂ ਹਰ ਵਿਸ਼ੇ ਨੂੰ ਛੋਹਦਿਆਂ ਅਲੱਗ-ਅਲੱਗ ਬਹਿਰਾਂ ਦਾ ਇਸਤੇਮਾਲ ਕੀਤਾ ਗਿਆ ਹੈ।ਕਵੀ ਨੇ ਗ਼ਜ਼ਲਾਂ ਵਿੱਚ ਜੀਵਨ ਦੀਆਂ ਤਲਖ਼ ਹਕੀਕਤਾਂ ਨੂੰ

ਬਿਆਨ ਕੀਤਾ ਹੈ ਜੋ ਪਾਠਕ ਨੂੰ ਟੁੰਬ ਜਾਂਦੀਆਂ ਹਨ।ਕਵੀ ਗ਼ਜ਼ਲ ਦੀ ਰੂਹ ਨੂੰ ਬਾ-ਖ਼ੂਬੀ ਜਾਣਦਾ ਅਤੇ ਮਾਣਦਾ ਹੈ ਤਾਂ ਹੀ ਪਾਠਕ ਉਸਦੀਆਂ ਗ਼ਜ਼ਲਾਂ ਨੂੰ ਪਸੰਦ ਕਰਦੇ ਹਨ। ਕਵੀ ਚਿੱਤਰਕਲਾ ਨਾਲ ਬਾ-ਵਸਤਾ ਹੋਣ ਕਰਕੇ ਆਪਣੀ ਗ਼ਜ਼ਲ ਦੇ ਹਰ ਸ਼ਿਅਰ ਵਿੱਚ ਇਕ ਸੁੰਦਰ ਤਸਵੀਰ ਪੇਸ਼ ਕਰਨ ਦੇ ਸਮਰੱਥ ਹੈ।ਉਹ ਖੇਤਾਂ ਦਾ ਜੰਮਪਲ ਹੋਣ ਕਰਕੇ ਆਮ ਵਿਅਕਤੀ ਦੇ ਅੰਦਰ ਨੂੰ ਜਾਣਦਾ ਹੈ ਤਾਂ ਹੀ ਉਸਦੀਆਂ ਗ਼ਜ਼ਲਾਂ ਪਾਠਕ ਦੇ ਦਿਲ ਦਿਮਾਗ ਵਿੱਚ ਬੈਠ ਜਾਂਦੀਆਂ ਹਨ। ਗ਼ਜ਼ਲਾਂ ਦੀ ਭਾਸ਼ਾ ਸਰਲ ਹੈ ਜੋ ਸਾਧਾਰਨ ਪਾਠਕ ਦੀ ਪਕੜ ਵਿੱਚ ਹੈ ਉਸਨੇ ਵਿਦਵਾਨੀ ਭਾਸ਼ਾ ਦੇ ਸ਼ਬਦ ਨਹੀਂ ਵਰਤੇ ਕਿਉਂਕਿ ਉਹ ਜਾਣਦਾ ਹੈ ਸਰਲ ਸ਼ਬਦ ਹਰੇਕ ਪਾਠਕ ਦੀ ਪਕੜ ਵਿੱਚ ਛੇਤੀ ਆ ਜਾਂਦੇ ਹਨ ਜਿਸ ਨਾਲ ਪਾਠਕ ਦੀ ਰੌਚਿਕਤਾ ਬਣੀ ਰਹਿੰਦੀ ਹੈ।ਉਹ ਕਹਿੰਦਾ ਹੈ-

ਲਿਖਾਂ ਕੁਝ ਆਮ ਵੀ ਤਾਂ ਵਰਕਿਆਂ 'ਤੇ ਖ਼ਾਸ ਹੋ ਜਾਵੇ।
ਉਠਾਵਾਂ ਜੇ ਕਲਮ ਤਾਂ ਅਦਬ ਦਾ ਅਹਿਸਾਸ ਹੋ ਜਾਵੇ।

ਇਹ ਪੁਸਤਕ ਪੜ੍ਹਦਿਆਂ ਵਾਚਦਿਆਂ ਕਿਤੇ ਵੀ ਕਚਿਆਈ ਨਜ਼ਰ ਨਹੀਂ ਪੈਂਦੀ ਟਾਈਪਿੰਗ ਵਿਚ ਕਿਤੇ ਕੋਈ ਘਾਟ-ਵਾਧ ਹੈ ਇਸ ਗੱਲ ਨੂੰ ਗ਼ਜ਼ਲ ਦੇ ਜਾਣਕਾਰ ਸਮਝ ਹੀ ਲੈਂਦੇ ਹਨ। ਇਹ ਪੁਸਤਕ ਕਵੀ ਨੂੰ ਪਹਿਲੀ ਕਤਾਰ ਦਾ ਕਵੀ ਘੋਸ਼ਿਤ ਕਰਨ ਦਾ ਦਮ ਰੱਖਦੀ ਹੈ ਇਸ ਕਥਨ ਨੂੰ ਪ੍ਰਮਾਣਿਤ ਕਰਦੇ ਪੇਸ਼ ਹਨ ਇਸ ਪੁਸਤਕ ਵਿਚਲੀਆਂ ਗ਼ਜ਼ਲਾਂ ਦੇ ਕੁਝ ਸ਼ਿਅਰ:

ਕਵੀ ਥੱਕੇ-ਹਾਰੇ ਇਨਸਾਨ ਵਿੱਚ ਊਰਜਾ ਭਰਦਾ ਕਹਿੰਦਾ ਹੈ--
ਵੇਲਾ ਨਹੀਂ ਇਹ ਬੁਜ਼ਦਿਲਾਂ ਦੇ ਵਾਂਗ ਰੋਣ ਦਾ।
ਇਹ ਵਕਤ ਹੈ ਹੁਣ ਹੋਰ ਵੀ ਮਜ਼ਬੂਤ ਹੋਣ ਦਾ।

ਉਹ ਬੇਮੁੱਖ ਹੋਏ ਸੱਜਣ ਨੂੰ ਸੰਬੋਧਿਤ ਹੁੰਦਾ ਹੋਇਆ ਸ਼ਿਅਰ ਲਿਖਦਾ ਹੈ--
ਬੇਚੈਨ ਬਹੁਤ ਕਰਦੇ ਅਜਕਲ ਸਵਾਲ ਤੇਰੇ।
ਬਹਿਕੇ ਨਿਬੇੜ ਲੈ ਹੁਣ ਨਿਭਣੀ ਨਾ ਨਾਲ ਤੇਰੇ।

ਦਿਲਬਰ ਵੱਲੋਂ ਉਸਨੂੰ ਸਦਾ ਦੋਸ਼ੀ ਠਹਿਰਾਉਣ ਤੇ ਉਹ ਉਸਨੂੰ ਸਵਾਲ ਕਰਦਾ ਹੈ--

ਸਦਾ ਮੈਂ ਹੀ ਗ਼ਲਤ ਉਹ ਠੀਕ ਹੋਵੇ।
ਭਲਾ ਇਹ ਕਿਸ ਤਰ੍ਹਾਂ ਤਸਦੀਕ ਹੋਵੇ।

ਢੇਰੀ ਢਾਹ ਚੁੱਕੇ ਆਪਣੇ ਹਮ ਉਮਰ ਦੇ ਸਾਥੀਆਂ ਨੂੰ ਜ਼ਿੰਦਗੀ ਜਿਊਣ ਲਈ ਇੰਝ ਪ੍ਰੇਰਿਤ ਕਰਦਾ ਹੈ--

ਮੇਰੇ ਸਮੇਂ ਦੇ ਸੂਰਜੋ ਹਮ-ਉਮਰ ਯਾਰੋ।
ਜਿੰਨੀ ਬਚੀ ਹੈ ਜ਼ਿੰਦਗੀ ਖੁੱਲ੍ਹ ਕੇ ਗੁਜ਼ਾਰੋ।

ਖ਼ੁਦ ਕਵੀ ਬੇਸ਼ੱਕ ਵਜ਼ਨ-ਬਹਿਰ ਦਾ ਪੱਕਾ ਹੈ ਪਰ ਉਹ ਸਾਹਿਤਕ ਪੰਡਤਾਂ ਨੂੰ ਗ਼ਜ਼ਲ ਦੇ ਵਿਚਾਰਕ ਪੱਖ ਨੂੰ ਪਾਸੇ ਸੁੱਟ ਨਿੱਕੇ-ਨਿੱਕੇ ਅਤੇ ਬੇਲੋੜੇ ਨੁਕਸ਼ ਕੱਢਣ 'ਤੇ ਆਹ ਸ਼ਿਅਰਾਂ ਵਿੱਚ ਕਟਾਕਸ਼ ਕਰਦਾ ਨਜ਼ਰੀਂ ਪੈਂਦਾ ਹੈ।



ਤੂੰ ਝੜ ਗਏ ਪੱਤੇ ਨਾ ਤਕ ਖਿੜੀ ਬਹਾਰ ਵੇਖ।
ਹਰੇਕ ਰੁੱਖ ਤੇ ਆ ਗਿਆ ਹੈ ਫਿਰ ਨਿਖਾਰ ਵੇਖ।

ਸਿਰਫ ਪਰਖ ਨਾ ਗ਼ਜ਼ਲ ਦੇ ਤੂੰ ਬਹਿਰ ਵਜ਼ਨ ਨੂੰ।
ਕਵੀ ਦੀ ਕਲਪਨਾ ਨੂੰ ਤੱਕ ਉਸਦੇ ਵਿਚਾਰ ਵੇਖ।

ਅਖੀਰ ਵਿੱਚ ਕਵੀ ਵੱਲੋਂ ਕੀਤੀ ਇਸ ਸਾਹਿਤਕ ਘਾਲਣਾ ਨੂੰ ਸਲਿਊਟ ਬਣਦਾ ਹੈ ਕਿਉਂਕਿ ਉਸ ਨੇ ਸਾਹਿਤ ਸਮੁੰਦਰ ਵਿੱਚ ਗਹਿਰੀ ਚੁੱਭੀ ਮਾਰ ਕੇ ਸ਼ਬਦ ਰੂਪੀ ਮੋਤੀ ਇੱਕਠੇ ਕੀਤੇ ਤੇ ਵੱਖ-ਵੱਖ ਮਾਲਾਵਾਂ ਵਿੱਚ ਪਰੋ ਕੇ ਇਕ ਬੇਹਤਰੀਨ ਤੋਹਫ਼ਾ ਸਾਹਿਤ ਜਗਤ ਦੀ ਝੋਲੀ ਵਿੱਚ ਪਾਇਆ ਹੈ। ਸਾਹਿਤ ਜਗਤ ਵਿੱਚ ਇਸ ਖ਼ੂਬਸੂਰਤ ਪੁਸਤਕ ਨੂੰ ਖ਼ੁਸ਼ਆਮਦੀਦ ਆਖਦਿਆਂ ਕਵੀ ਨੂੰ ਇਸ ਕਾਰਜ ਲਈ ਬਹੁਤ-ਬਹੁਤ ਮੁਬਾਰਕਾਂ।

**ਪ੍ਰਤਾਪ 'ਪਾਰਸ' ਗੁਰਦਾਸਪੁਰੀ, ਜਨਰਲ ਸਕੱਤਰ**
**ਪੰਜਾਬੀ ਸਾਹਿਤ ਸਭਾ ਗੁਰਦਾਸਪੁਰ।**
**9988811681**

◆◆◆

## ਪ੍ਰਿੰ. ਸਵਿੰਦਰ ਸਿੰਘ ਚਾਹਲ ਰਚਿਤ ਕਵਿਤਾ ਦਾ

**ਰਚਨਾਤਮਿਕ-ਵਿਵੇਕ**

(ਕਾਵਿ-ਸੰਗ੍ਰਹਿ ਸੁਲਗਦੇ ਅਲਫ਼ਾਜ"ਦੇ ਆਧਾਰ 'ਤੇ)

ਵੱਲੋਂ :-ਡਾ. ਜਗੀਰ ਸਿੰਘ ਨੂਰ

ਇੱਕੀਵੀਂ ਸਦੀ ਦੇ ਤੀਜੇ ਦਹਾਕੇ ਦੇ ਪ੍ਰੌੜ੍ਹ ਕਵੀਆਂ ਵਿਚ ਪ੍ਰਿੰ. ਸਵਿੰਦਰ ਸਿੰਘ ਚਾਹਲ ਦੀ ਕਾਵਿ- ਸਿਰਜਣਾ ਦੀ ਨਿਵੇਕਲੀ ਪਛਾਣ ਹੈ ।ਜੀਵਨ ਦੇ ਸਾਢੇ ਸੱਤ ਦਹਾਕੇ ਹੰਢਾਅ ਚੁੱਕਾ ਇਹ ਕਵੀ ਪਿਛਲੇ ਸਾਢੇ ਪੰਜ ਦਹਾਕਿਆਂ ਤੋਂ ਸਾਹਿਤ-ਰਸੀਆ,ਸਾਹਿਤ ਸਭਾਵਾਂ ਦਾ ਮੈਂਬਰ,ਸਾਹਿਤਕ ਸਟੇਜਾਂ 'ਤੇ ਰਚਨਾਵਾਂ ਪੇਸ਼ ਕਰਨ ਤੋਂ ਇਲਾਵਾ ਸਮਾਜਕ-ਸੁਧਾਰਕ ਕਾਰਜਾਂ ਨਾਲ ਤਨੋ-ਮਨੋ ਜੁੜਿਆ ਹੋਇਆ ਹੈ।ਨਿਜੀ ਲਗਨ,ਮਿਹਨਤ, ਸੰਘਰਸ਼ ਤੇ ਦ੍ਰਿੜਤਾ ਜਿਹੇ ਗੁਣਾਂ ਨੇ ਇਸ ਦੇ ਵਿਅਕਤਿਤਵ ਨੂੰ ਘੜਿਆ,ਸ਼ਿੰਗਾਰਿਆ ਅਤੇ ਇਸ ਵਿਚ ਸੁਹਜ-ਸਿਆਣਪ ਦੇ ਨਾਲ ਨਾਲ ਕਾਵਿ-ਸਿਰਜਣਾ ਦੀ ਸ਼ਕਤੀ ਪੈਦਾ ਕੀਤੀ ਹੈ ।

ਵਿਚਾਰਾਧੀਨ ਕਾਵਿ-ਸੰਗ੍ਰਹਿ ਤੋਂ ਪਹਿਲਾਂ ਇਸ ਦੁਆਰਾ ਸੰਪਾਦਿਤ ਚਾਰ ਪੁਸਤਕਾਂ-1.ਲੋਕ ਕਵੀ: ਸਿੱਧਾ ਜੱਟ 2.ਉੱਘੇ ਸੰਗਰਾਮੀਏ-ਦਾਰ ਜੀ 3.ਪੱਥਰਾਂ ਦਾ ਸ਼ਹਿਰ (ਕਾਵਿ-ਸੰਗ੍ਰਹਿ) 4.ਲੋਕ ਨਾਇਕ:ਸਰਦਾਰ ਕਿਰਪਾਲ ਸਿੰਘ ਅਤੇ ਜੇ.ਬੀ.ਟੀ. ਦੇ ਅਧਿਆਪਨ ਕਾਰਜ ਤੋਂ ਲੈ ਕੇ ਪ੍ਰਿੰਸੀਪਲ ਦੇ ਅਹੁਦੇ 'ਤੇ ਨਿਭਾਏ ਕਾਰਜਾਂ ਨੇ ਵੀ ਇਸ ਦੀ ਸਾਹਿਤਕ ਅਦਾਰਿਆਂ 'ਚ ਤੇ ਵਿੱਦਿਅਕ ਅਦਾਰੇ 'ਚ ਚੰਗੀ ਪਛਾਣ ਬਣਾ ਦਿੱਤੀ ਹੋਈ ਸੀ ।ਪਰ ਮੌਲਿਕ ਕਾਵਿ-ਸਿਰਜਣ ਪ੍ਰਵਾਹ ਨੂੰ ਅਗਾਂਹ ਤੋਰਨ ਅਤੇ ਕਾਵਿ-ਰਚਨਾਵਾਂ ਨੂੰ ਪੁਸਤਕ ਰੂਪ 'ਚ ਸੰਗ੍ਰਹਿਤ ਕਰਨ ਦੀ ਪ੍ਰੇਰਨਾ ਤੇ ਹਦਾਇਤ ਇਸ ਨੂੰ ਉੱਘੇ ਲੇਖਕਾਂ,ਅਧਿਆਪਕ ਰਹੇ ਚਿੰਤਕਾਂ ਤੇ ਕੁਝ ਹੋਰ ਦੋਸਤਾਂ ਤੋਂ ਸਮੇਂ ਸਮੇਂ ਪ੍ਰਾਪਤ

ਹੁੰਦੀ ਰਹੀ।ਇਸ ਸੰਬੰਧੀ ਮੇਰੇ ਧੰਨਵਾਦ ਦੇ ਪਾਤਰ÷ਸਿਰਲੇਖ ਤਹਿਤ ਕ੍ਰਿਤੱਗਯ ਦਾ ਪ੍ਰਗਟਾਵਾ ਕਰਦਾ ਹੋਇਆ ਕਵੀ ਲਿਖਦਾ ਹੈ, ਜੇ ਮੇਰੇ ਮਗਰ ਆਪਣੀ ਵੱਡੀ ਭੈਣ ਵਰਗੀ ਮਾਂ-ਰੂਪੀ ਅਧਿਆਪਕਾ ਡਾ.ਇਕਬਾਲ ਕੌਰ ਸੌਂਦ ਦਾ ਉਤਸ਼ਾਹ ਤੇ ਪ੍ਰੇਰਨਾ ਦਾ ਡੰਡਾ ਨਾ ਹੁੰਦਾ ਤਾਂ ਸ਼ਾਇਦ ਮੈਂ ਲਿਖਣ-ਕਾਰਜ ਤੋਂ ਅਭਿੱਜ ਰਹਿੰਦਾ........ਉਹ ਅਕਸਰ ਕਹਿੰਦੇ "ਵੇਖ ! ਮਾਸਟਰ ਤੂੰ ਇਨ੍ਹਾਂ (ਨਵੀਆਂ ਛਪ ਰਹੀਆਂ) ਪੁਸਤਕਾਂ ਨਾਲੋਂ ਕਿਤੇ ਵਧੀਆ ਲਿਖ ਲੈਂਦਾ ਹੈਂ। ਇਸ ਤਰ੍ਹਾਂ ਦੇ ਸ਼ਬਦ ਮੇਰੀ ਪਤਨੀ ਵੀ ਦੁਹਰਾਉਂਦੀ ਰਹਿੰਦੀ।"--(ਪੰਨਾ 19) ਕੁਝ ਹੋਰ ਸਖਸੀਅਤਾਂ ਦਾ ਜ਼ਿਕਰ ਵੀ ਕਵੀ ਦੁਆਰਾ ਜਿਤੁਲਾਇਆ ਗਿਆ ਹੈ ਅਤੇ ਉਨ੍ਹਾਂ ਦੇ ਪ੍ਰਵਚਨਾਂ ਨੂੰ ਪੁਸਤਕ ਵਿਚ ਵੀ ਅੰਕਿਤ ਕੀਤਾ ਗਿਆ ਹੈ। ਸਵਿੰਦਰ ਸਿੰਘ ਚਾਹਲ ਕਵਿਤਾ ਨੂੰ ਕੁਦਰਤੀ ਆਵੇਸ਼ ਮੰਨਦਾ ਹੈ ਅਤੇ ਇਹ ਵੀ ਮੰਨਦਾ ਹੈ ਕਿ ਵਕਤ ਦੇ ਹਾਲਾਤਾਂ 'ਚੋਂ ਪੈਦਾ ਹੋਈਆਂ ਪ੍ਰਸਥਿਤੀਆਂ ਤੇ ਸਮਕਾਲੀਨ ਸਮਾਜਿਕ,ਰਾਜਨੀਤਕ,ਪ੍ਰਸ਼ਾਸਨਿਕ ਆਦਿ ਵਰਤਾਰਿਆ ਤੋਂ ਲਿਖਤ ਪ੍ਰਭਾਵਿਤ ਹੋ ਕੇ ਸ਼ਬਦ ਸਿਰਜਣਾ ਹੁੰਦੀ ਹੈ। ਇਹ ਕਵੀ ਆਪਣੇ ਰਚਨਾਤਮਿਕ ਵਿਵੇਕ ਵਿੱਚ ਗ੍ਰਹਿਣ ਕਰ ਚੁੱਕਾ ਹੈ ਕਿ ਕਾਰਲਾਈਲ ਨੇ ਕਵਿਤਾ ਨੂੰ 'ਇੱਕ ਗਾਉਂਦਾ ਜਜ਼ਬਾ ਤੇ ਸੰਗੀਤਪੂਰਣ ਵਿਚਾਰ' ਮੰਨਿਆ ਸੀ ਅਤੇ ਮੈਥਿਊ ਆਰਨਲਡ ਨੇ ਕਵਿਤਾ ਨੂੰ'ਜੀਵਨ ਦੀ ਪੜਚੋਲ' ਆਖਿਆ ਸੀ।

ਇਸੇ ਤਰ੍ਹਾਂ ਪ੍ਰਸਿੱਧ ਕਵੀ ਵਰਡਜਵਰਥ ਨੇ 'ਜਜਬਿਆਂ ਤੇ ਵਲਵਲਿਆਂ ਦਾ ਬੇਰੋਕ ਉਛਾਲਾ' ਕਿਹਾ ਸੀ ।ਪੰਜਾਬੀ ਦੇ ਪ੍ਰਸਿੱਧ ਕਵੀ ਪ੍ਰੋ.ਪੂਰਨ ਸਿੰਘ ਦੀ ਕਾਵਿ-ਸਿਰਜਣਾ ਤੋਂ ਵੀ ਇਹ ਕਵੀ ਪ੍ਰਭਾਵਿਤ ਹੈ ਕਿ ਉਹ ਕਵਿਤਾ ਨੂੰ ਰੂਹਾਂ ਦੀ ਬੋਲੀ,ਦੈਵੀ ਆਵੇਸ਼, ਸਾਧ ਮਨ ਵਿੱਚੋਂ ਨਿਕਲੇ ਬੋਲ ਤੇ ਪਿਆਰ 'ਚ ਮੋਏ ਬੰਦਿਆਂ ਦੇ ਬਚਨ ਮੰਨਦਾ ਸੀ। ਇਸ ਕਵੀ ਕੋਲ ਸ਼ਾਬਦਿਕ ਬੋਲ ਕਿੱਥੋਂ ਆਉਂਦੇ ਹਨ,ਉਦਾਹਰਣ ਵਜੋਂ ਕੁਝ ਸਤਰਾਂ ਪੇਸ਼ ਹਨ-

ਕਵਿਤਾ ਦਾ ਕੋਈ ਥਹੁ ਨਹੀਂ ਚਲਦਾ ਇਹ ਕਿਹੜੇ ਰਾਹੋਂ ਆਉਂਦੀ ਏ, ਜਦ ਕਦੇ ਵੀ ਆਉਂਦੀ ਏ ਹੱਲਾ ਬੋਲ ਕੇ ਆਉਂਦੀ ਏ। ਵਲਵਲਿਆਂ ਦੀ ਤਰਜਮਾਨੀ ਕਰ ਭਾਵਾਂ ਨੂੰ ਪ੍ਰਗਟਾਉਂਦੀ ਏ। ਕਵੀ-ਕਲਮ ਦੀ ਸਵਾਰੀ ਕਰ ਅਨੰਤ ਸੈਰ ਕਰਾਉਂਦੀ ਏ, ਬਿੰਬਾਂ,ਪ੍ਰਤੀਕਾਂ ਸੰਗ ਸੰਵਰਦੀ ਗੈਬੀ ਕਲੋਲਾਂ ਕਰਦੀ ਏ। ਸੰਗੀਤ-ਘਰ 'ਚ ਪਲ ?ਦੀ ਏ ਬਣ ਰੂਹ ਖੁਰਾਕ ਫਲਦੀ ਏ। ਸਮਝ ਨਾ ਪਏ ਕਵਿਤਾ

ਕਿਹੜੇ ਝਰੋਖਿਉਂ ਆਉਂਦੀ ਏ। ਜਦੋਂ ਕਿਧਰੇ ਆਉਂਦੀ ਏ

ਤਾਬੜ-ਤੋੜ ਭੜਥੂ ਪਾਉਂਦੀ ਏ। (ਪੰਨਾ 101 ਤੇ 103)

ਕਵੀ ਦਾ ਸਿਰਜਣਾਤਮਿਕ ਪ੍ਰਬਲ ਜਜ਼ਬਾ ਉਸ ਦੀ ਕਾਵਿ-ਸੰਰਚਨਾ ਤੇ ਵਿਵੇਕ ਦੇ ਪ੍ਰਗਟਾਵੇ ਦਾ ਪ੍ਰਯੋਜਨ ਹੋ ਨਿਬੜਦਾ ਪ੍ਰਤੀਤ ਹੁੰਦਾ ਹੈ। ਇਹ ਕਵੀ ਪਾਠਕਾਂ / ਸਰੋਤਿਆਂ ਨਾਲ ਮੁੱਖ ਬੰਦ ਵਿੱਚ ਅਹਿਦਨਾਮੇ ਦੀ ਗੱਲ ਇਉਂ ਕਰਦਾ ਹੈ : "ਮੈਂ ਤੇ ਮੇਰੀਆਂ ਰਚਨਾਵਾਂ ਨੇ ਇੱਕ ਅਹਿਦਨਾਮਾ ਦਸਤਖਤ ਕਰ ਲਿਆ ਏ। ਜੀਣਾ ਮਰਨਾ 'ਕੱਠੇ ਰਹਿ ਦੋਹਾਂ ਨੇ ਅਸਾਂ ਪੱਕਾ ਫੈਸਲਾ ਕਰ ਲਿਆ ਏ ।



ਉਸ ਦਾ ਐਲਾਨੀਆ ਕਾਵਿਕ ਪੈਗ਼ਾਮ ਹੈ ਕਿ ਉਸ ਦੀਆਂ ਕਵਿਤਾਵਾਂ ਨੇ ਪਿਆਰੇ ਭਾਰਤ ਦੇਸ਼ ਨੂੰ ਭ੍ਰਿਸ਼ਟ ਲੀਡਰਾਂ ਤੇ ਅਮੀਰ ਲੋਕਾਂ ਦੀ ਚੁੰਗਲ 'ਚੋਂ ਮੁਕਤ ਕਰਵਾਉਣ ਹਿੱਤ ਪੱਕੀ ਧਾਰਨਾ ਬਣਾ ਲਈ ਹੈ ।ਉਸ ਦੀਆਂ ਗਜਲਾਂ ਕੁਫ਼ਰ ਤੋਲਣ ਵਾਲੇ ਤਾਨਾਸ਼ਾਹੀ ਨੇਤਾਵਾਂ ਦੇ ਪਾਜ ਬੁਲੰਦ ਆਵਾਜ਼ ਨਾਲ ਉਧੇੜ ਦੇਣਗੀਆਂ ।ਉਸ ਦੀਆਂ ਰੁਬਾਈਆਂ ਸਮੇਤ ਸਾਰੇ ਕਾਵਿ-ਰੂਪ ਮਜਲੂਮਾਂ ਉੱਪਰ ਹੁੰਦੇ ਜਬਰ, ਜ਼ੁਲਮ ਤੇ ਅਨਿਆਂ ਵਿਰੁੱਧ ਸਦਾ ਬੁਲੰਦਗੀ ਦਾ ਝੰਡਾ ਲਹਿਰਾਉਂਦੇ ਰਹਿਣਗੇ ਤਾਂ ਜੋ ਮਾਨਵ-ਹਯਾਤੀ ਸੌਖੇ ਸਾਹ ਲੈ ਕੇ ਜੀਊ ਸਕੇ।

ਸਵਿੰਦਰ ਸਿੰਘ ਚਾਹਲ ਦਾ ਕਾਵਿ-ਸੰਰਚਨਾਤਮਿਕ ਬੋਧ ਅਤੇ ਇਸੇ ਦਾ ਪ੍ਰਗਟਾਵਾ ਸਮਰੂਪ ਹੈ । ਇਸ ਪ੍ਰਕਿਰਿਆ ਵਿੱਚੋਂ ਦੀ ਲੰਘਦਾ ਹੋਇਆ ਇਹ ਕਵੀ ਸਿਧਾਂਤਕ ਕਥਨੀ ਤੇ ਸ਼ਾਬਦਿਕ ਪ੍ਰਗਟਾਵੇ ਦੀ ਵਿਵਹਾਰਿਕਤਾ ਦੀ ਪ੍ਰਸੰਗਤਾ ਵਿੱਚ ਕਿਤੇ ਵੀ ਦੋ ਨਹੀਂ ਹੁੰਦਾ । ਇਸ ਖ਼ੂਬੀ ਦਾ ਕਾਰਣ ਇਹ ਵੀ ਸਮਝ 'ਚ ਪੈਂਦਾ ਹੈ ਕਿ ਕਵੀ ਕੋਲ ਮੱਧਕਾਲੀਨ ਤੇ ਆਧੁਨਿਕ ਕਾਲ ਦੇ ਸਾਹਿਤ ਦੀ ਅਮੀਰੀ ਵਾਲੇ ਗੁਣ ਤੇ ਅਹਿਸਾਸ ਜਿਹਨ ਵਿੱਚ ਵਸ ਚੁੱਕੇ ਹੋਏ ਹਨ ਜੋ ਅਚੇਤ ਤੇ ਸੁਚੇਤ ਰੂਪਾਂ 'ਚ ਬਾਹਰ ਨਿਕਲ ਨਿਕਲ ਪੈਂਦੇ ਹਨ। ਅਜਿਹੀ ਕਾਵਿ-ਸੰਰਚਨਾ ਪ੍ਰੋ.ਪੂਰਨ ਸਿੰਘ, ਡਾ. ਦੀਵਾਨ ਸਿੰਘ ਕਾਲ ?ਪਾਈ ਤੇ ਪ੍ਰੋ. ਮੋਹਨ ਸਿੰਘ ਦੀ ਕਾਵਿ-ਸਿਰਜਣਾ 'ਚ ਪ੍ਰਮੁੱਖ ਗੁਣ ਰਿਹਾ,ਜੋ ਇਸ ਕਵੀ ਨੇ ਪੜ੍ਹਿਆ, ਮਾਣਿਆ ਤੇ ਗ੍ਰਹਿਣ ਕੀਤਾ ਹੋਇਆ ਪ੍ਰਤੀਤ ਹੁੰਦਾ ਹੈ। ਤਾਂ ਹੀ ਤਾਂ ਇਸ ਕਵੀ ਨੂੰ ਕਵਿਤਾ ਹੜ੍ਹ ਵਾਂਗ ਆਉਂਦੀ ਹੋਈ ਤਸੱਵਰ ਹੁੰਦੀ ਹੈ ਅਤੇ ਇਸ ਹੜ੍ਹ ਨੂੰ ਉਹ 'ਕੁਦਰਤੀ ਆਵੇਸ਼' ਮੰਨਦਾ ਹੈ। ਪ੍ਰੋ. ਪੂਰਨ ਸਿੰਘ ਨੇ ਆਪਣੇ ਕਾਵਿ-ਸੰਗ੍ਰਹਿ 'ਖੁੱਲ੍ਹੇ ਮੈਦਾਨ ਵਿੱਚ ਕਿਹਾ ਸੀ-

"ਅੱਖਰਾਂ ਦੇ ਅੱਖਰ, ਡੁੱਲ੍ਹ ਡੁੱਲ੍ਹ ਪੈਂਦੇ

ਸਾਂਭੇ ਜਾਂਦੇ ਨਾ, ਮੈਂ ਤਰਲੇ ਲੈ ਰਿਹਾ। 'ਸੁਲਗਦੇ ਅਲਫ਼ਾਜ' ਵਿਚ ਅੰਕਿਤ ਕਵਿਤਾਵਾਂ ਗ਼ਜ਼ਲਾਂ, ਗੀਤ, ਟੱਪੇ, ਦੋਹੇ ਤੇ ਰੁਬਾਈਆਂ ਵਿਚ ਉਕਤ ਆਵੇਸ਼ 'ਫੁੱਲਾਂ ਵਿੱਚ ਸੁਗੰਧੀ' ਵਾਂਗ ਸਮਾਇਆ ਹੋਇਆ ਹੈ। ਕਵੀ ਜਦੋਂ ਹੁਸਨ ਇਸ਼ਕ ਵਿੱਚ ਪਰਪੱਕਤਾ,ਮਨੁੱਖੀ ਕਿਰਦਾਰ ਵਿੱਚ ਸੁੱਚਤਾ,ਸਮਾਜ ਵਿੱਚੋਂ ਨਫ਼ਰਤਾਂ ਦੀ ਮੈਲ ? ਧੋ ਦੇਣ ਵਾਲੇ ਤਹੱਈਏ ਜਾਂ ਗੁਰੂ-ਪੀਰਾਂ, ਸ਼ਹੀਦਾਂ ਪ੍ਰਤੀ ਆਸਥਾ ਦੀ ਗੱਲ ਕਰਦਾ ਹੈ ਤਾਂ ਸਪਸ਼ਟ ਭਾਂਤ ਅੱਖਰਾਂ ਦੇ ਅੱਖਰ ਝਰ-ਝਰ ਪੈਂਦੇ ਹਨ। ਇਸ ਕਵੀ ਦੀ ਪਰਮਾਤਮਾ ਪਾਸ ਅਰਜੋਈ ਵੀ ਇਹੋ ਰਹਿੰਦੀ ਹੈ ਕਿ ਕੁ-ਅੱਖਰਾਂ ਦੇ ਮਿਲਾਪ ਤੋਂ ਦੁਰ-ਸ਼ਬਦ ਨਾ ਬਣ ਤੋਂ ਜਾਣ,ਸਗੋਂ ਉਹੋ ਹੀ ਸ਼ਬਦ ਸਿਰਜੇ ਜਾਣ ਜੋ ਮਾਨਵਤਾ ਦਾ ਰਾਹ ਰੁਸ਼ਨਾਉਣ ਤੇ ਜ਼ਿੰਦਗੀ ਵਿਚ ਸਕੂਨ ਭਰ ਦੇਣ । ਇਹ ਲੋਚਾ ਕਵੀ ਵਿੱਚ ਇਤਨੀ ਪ੍ਰਬਲ ਹੈ ਕਿ ਉਹ ਜਾਗਦਿਆਂ ਹੋਇਆਂ ਤਾਂ ਕੁਝ ਕਰਵਾਉਣਾ ਹੀ ਚਾਹੁੰਦਾ ਹੁੰਦਾ ਹੈ,ਸੁੱਤੇ ਹੋਇਆਂ ਵੀ ਐਹੋ ਜਿਹੀ ਸੁਭਾਗੜੀ ਨੀਂਦ ਦੀ ਲੋਚਾ ਰੱਖਦਾ ਹੈ ਜਿਸ ਵਿੱਚ - "ਅਨੰਦ ਦੇ ਘੋੜੇ ਚੜ੍ਹ,ਸੱਤ ਅਸਮਾਨੀਂ ਗੇੜੇ ਲਾਵਾਂ। ਸੁਪਨ-ਸੰਸਾਰ ਮਾਰ ਉਡਾਰੀ,ਸੁਪਨਾ ਹੀ ਬਣ ਜਾਵਾਂ। ਡੂੰਘੀ ਨੀਂਦ ਸਵਰਗੀ ਝੂਟਾ,ਨੇਕ-ਬਖ਼ਤਾਂ ਤਾਈਂ ਦਵਾਵਾਂ ਜ਼ਿੰਦਗੀ ਜਿਨ੍ਹਾਂ

ਭਲਾ ਨਾ ਕੀਤਾ,ਜਗਾ ਕੇ ਅਹਿਸਾਸ ਕਰਾਵਾਂ ।" (ਪੰਨਾ 29 )

ਅਨੇਕਾਂ ਅਜਿਹੀਆਂ ਉਦਾਹਰਣਾਂ ਲੈ ਸਕਦੇ ਹਾਂ ਜਿਨ੍ਹਾਂ ਵਿੱਚ ਅੱਖਰ ਹੀ ਨਹੀਂ,ਸ਼ਬਦ ਹੀ ਨਹੀਂ ਸਗੋਂ ਤੁਕਾਂ ਦੀਆਂ ਤੁਕਾਂ,ਕਵਿਤਾਵਾਂ ਦੀਆਂ ਕਵਿਤਾਵਾਂ ਤੀਬਰ-ਗਤੀ ਦੇ ਪ੍ਰਵਾਹ ਨਾਲ ਉੱਚ- ਵਿਚਾਰ ਪ੍ਰਗਟ ਕਰ ਜਾਂਦੀਆਂ ਹਨ ।

'ਚਾਹਲ' ਦੀਆਂ ਰਚਨਾਵਾਂ ਪੜ੍ਹਦਿਆਂ ਕਿਤੇ ਕਿਤੇ ਮਹਿਸੂਸ ਹੁੰਦਾ ਹੈ ਕਿ ਇਸ ਦੀ ਕਾਵਿ-ਪ੍ਰਤਿਭਾ ਉੱਤੇ ਸ਼ਿਵ ਕੁਮਾਰ ਬਟਾਲਵੀ ਦਾ ਵੀ ਪ੍ਰਭਾਵ ਹੈ। ਸ਼ਿਵ ਕੁਮਾਰ ਬਟਾਲਵੀ ਨੇ ਆਪਣੀ ਇੱਕ ਕਵਿਤਾ ਵਿੱਚ ਰੁੱਖਾਂ ਬਾਬਤ ਮੋਹ ਤੇਹ ਪ੍ਰਗਟਾਉਂਦਿਆਂ ਉਨ੍ਹਾਂ ਦਾ ਮਾਨਵੀਕਰਨ ਕੀਤਾ ਸੀ ਅਤੇ ਕਿਹਾ ਸੀ ਕਿ ਕੁਝ ਕੁਝ ਰੁੱਖ ਉਸ ਨੂੰ ਮਾਵਾਂ-ਧੀਆਂ, ਭੈਣ-ਭਰਾਵਾਂ ਤੇ ਦਾਦੇ- ਦਾਦੀ ਵਰਗੇ ਲੱਗਦੇ ਹਨ ਤੇ ਕੁਝ ਕੁਝ ਰੁੱਖ ਉਸ ਨੂੰ ਯਾਰਾਂ ਤੇ ਮਹਿਬੂਬਾ ਵਰਗੇ ਲੱਗਦੇ ਹਨ। ਜਿਨ੍ਹਾਂ ਦੀਆਂ ਯਾਦਾਂ ਵਿਚ ਉਹ ਗਾਉਂਦਾ ਤੇ ਵਿਛੋੜੇ ਝੱਲਦਾ ਹੋਇਆ ਖੁਦ ਰੁੱਖਾਂ ਦੀ ਜੂਨ ਵਿੱਚ ਪੈ ਜਾਣਾ ਲੋਚਦਾ ਹੈ। ਇਸ ਕਵੀ ਦਾ ਚਿੰਨ੍ਹ ਰੁੱਖ' ਦੀ ਥਾਵੇਂ 'ਅੱਖਰ' ਵਜੋਂ ਉਸ ਦੀ ਕਵਿਤਾ 'ਅੱਖਰ' ਵਿੱਚ ਉੱਭਰ ਕੇ ਸਾਡੇ ਸਨਮੁੱਖ ਹੋਇਆ ਹੈ। ਕਵੀ ਦਾ ਕਹਿਣਾ ਹੈ ਕਿ ਕੁਝ ਅੱਖਰ ਉਦਾਸੀ ਦੇ ਆਲਮ ਵਿੱਚ ਉਸ ਦੇ ਮੋਢੇ ਉੱਤੇ ਭੈਣ-ਭਰਾਵਾਂ ਦੇ ਮੋਹ ਵਰਗਾ ਹੱਥ ਧਰਦੇ ਹਨ।ਕੁਝ ਅੱਖਰ ਸੱਚੇ ਸੁੱਚੇ ਮਿੱਤਰਾਂ ਵਾਂਗ ਉਸ ਦਾ ਦੁੱਖ-ਸੁੱਖ ਜਰਦੇ ਹਨ।ਕੁਝ ਧੀਆਂ ਪੁੱਤਾਂ ਵਾਂਗ ਮਗਰਲੀ ਉਮਰੇ ਸੇਵਾ-ਭਾਵ ਪ੍ਰਗਟਾਉਂਦੇ ਹਨ।ਕੁਝ ਅੱਖਰ ਮੁਸੀਬਤਾਂ ਵਿਚੋਂ ਕੱਢ ਦਿੰਦੇ ਹਨ। ਕੁਝ ਅੱਖਰ ਮਾਂ ਪਿਓ ਵਾਂਗ ਮੇਰੀ ਖੁਸ਼ਹਾਲੀ ਹਿੱਤ ਰੱਬ ਅੱਗੇ ਅਰਦਾਸਾਂ ਕਰਦੇ ਹਨ। ਪਰ ਕੁਝ ਅੱਖਰ ਸ਼ਬਦ ਬਣਨ ਤੋਂ ਟਾਵਾਂ ਟਾਵਾਂ ਪਾਸਾ ਵੀ ਵੱਟ ਜਾਂਦੇ ਹਨ । ਕੁਝ ਸਤਰਾਂ ਉਦਾਹਰਣ ਵਜੋਂ ਪੇਸ਼ ਹਨ :-

—ਕੁਝ ਅੱਖਰ ਮੇਰੇ ਪੂਜਣਯੋਗ ਮੁਰਸ਼ਦ ਵਰਗੇ, ਮੇਰੀ ਭਟਕਦੇ ਦੀ ਬਾਂਹ ਆ ਫੜਦੇ ਨੇ —ਕੁਝ ਅੱਖਰ ਮੇਰੇ ਸ਼ਬਦਾਂ ਦੇ ਗਲ ? ਲੱਗ ਡੂੰਘੀਆਂ ਆਹਾਂ ਭਰ ਵਿਵੇਚਨ ਮੇਰਾ ਕਰਦੇ ਨੇ। -ਕੁਝ ਅੱਖਰ ਮੇਰੇ ਪੈਰਾਂ ਹੇਠ ਫੁੱਲ ਵਿਛਾ ਖੈਰ ਮਕਦਮ ਕਰ ਖਿੜ-ਖਿੜਾ ਹੱਸਦੇ ਨੇ -ਕੁਝ ਅੱਖਰ ਘੂਕ ਸੁੱਤਾ 'ਚਾਹਲ' ਜਗਾ ਕੁਝ ਲਿਖਣ ਦੀ ਹਾਮੀ ਭਰਦੇ ਨੇ (ਪੰਨਾ 104-05) ਨਿਰਸੰਦੇਹ,ਸਵਿੰਦਰ ਸਿੰਘ ਚਾਹਲ ਦੀ ਕਵਿਤਾ ਮਨੁੱਖੀ ਮਨ ਵਿੱਚ ਸੰਜੀਦਾ ਤੇ ਉਸਾਰੂ ਤਰਕ-ਸੰਗਤ ਸੰਵਾਦ ਰਚਾਉਂਦੀ ਹੈ।ਇਹ ਮਨ ਵਿੱਚ ਪਨਪੇ ਭਾਵਾਂ- ਵਿਚਾਰਾਂ ਤੇ ਉਦਗਾਰਾਂ ਨੂੰ ਵੀ ਅਗਾਂਹ ਤੋਰਦੀ ਹੈ।ਇਸ ਤੋਰ ਦੀ ਦਿਸ਼ਾ ਉੱਤਮ ਸਾਹਿਤ ਸਿਰਜਣ ਦਾ ਮਾਰਗ ਅਖਵਾਉਂਦੀ ਹੈ।ਚੇਤੰਨ ਮਨ ਅਡੋਲਤਾ ਦੀ ਸਥਿਤੀ ਵਿੱਚ ਕਾਰਜਸ਼ੀਲ ਰਹਿੰਦਾ ਹੈ ਜੋ ਕਿ ਅਵਚੇਤਨ ਮਨ ਦੀ ਬੇਰੋਕ ਦਰ ?ਵਤਾ ਨੂੰ ਠੱਲਣ ਦੀ ਕੋਸ਼ਿਸ਼ ਵਿਚ ਹੁੰਦਾ ਹੈ ਪਰ ਜਦੋਂ ਕਵੀ ਹੱਦਾਂ ਨੂੰ ਉਲੰਘਣ ਲੱਗਦਾ ਹੈ ਤਾਂ ਵਰਜਣਾ ਵੀ ਦਸਦਾ ਹੈ ਤਾਂ ਜੋ ਬੁਰਾਈਆਂ ,ਕੁਰੀਤੀਆਂ,ਕੁਰਹਿਤਾਂ ਤੇ ਹੋਰ ਢਾਹੂ ਰੁਚੀਆਂ ਤੋਂ ਨਿਰਲੇਪ ਰਹਿ ਸਕੇ।ਪਰ ਮਨੁੱਖੀ ਲਾਲਸਾ,ਤ੍ਰਿਸ਼ਨਾ,ਹਉਮੈ ਆਦਿ ਦੀ ਪ੍ਰਭੂਸਤਾ ਉਸ ਨੂੰ ਐਸਾ ਹੋਣ ਨਹੀਂ ਦਿੰਦੀ। ਇਸ ਅਵਸਥਾ ਨੂੰ ਭਾਂਪ ਕੇ ਸਿਰਜਣਾਤਮਕ ਰੂਪ 'ਚ ਬਿਆਨਣ ਵਕਤ ਕਵੀ ਦਾ ਹਿਰਦਾ ਕੂਕਣ ਲੱਗ ਪੈਂਦਾ ਹੈ।ਉਸ ਦੇ ਅੱਖਰ ਤੇ



ਸ਼ਬਦ ਨਾਹਰਾ ਬਣ ਜਾਂਦੇ ਹਨ,ਇਕ ਹੋਕਾ ਬਣ ਜਾਂਦੇ ਹਨ।ਕਵੀ ਵਲਵਲਿਆਂ ਭਰਪੂਰ ਅਹਿਸਾਸਾਂ ਦੇ ਪ੍ਰਗਟਾਵੇ ਵਿਚ ਸਿਮਟ ਕੇ ਨਹੀਂ ਰਹਿ ਜਾਂਦਾ।ਸਗੋਂ ਇਸ ਦੀ ਕਾਵਿ- ਰਚਨਾਤਮਕ ਉਡਾਰੀ ਬੌਧਿਕਤਾ ਦੇ ਮੰਡਲ ਵਿੱਚ ਉਤਾਰਾ ਕਰ ਲੈਂਦੀ ਪ੍ਰਤੀਤ ਹੁੰਦੀ ਹੈ ।ਇਸ ਪ੍ਰਤੀਤੀ ਨੂੰ ਅਸੀਂ ਚਾਹਲ-ਰਹਿਤ ਵਿਭਿੰਨ ਕਾਵਿ-ਰੂਪਾਂ ਵਿੱਚੋਂ ਸਹਿਜੇ ਹੀ ਵੇਖ ਸਕਦੇ ਹਾਂ।

ਇਨ੍ਹਾਂ ਸਰੋਕਾਰਾਂ ਤੋਂ ਸਪਸ਼ਟ ਭਾਂਤ ਸਾਹਮਣੇ ਆਉਂਦਾ ਕਿ ਕਵੀ ਭਾਵੇਂ ਕਿਸੇ ਨਵੇਂ ਕਾਵਿ-ਪੈਰਾਡਾਈਮ ਨੂੰ ਸਿਰਜਣ ਵਿੱਚ ਉਚੇਚੇ ਤੌਰ ਤੇ ਨਹੀਂ ਗੁਆਚਦਾ।ਇਸ ਦਾ ਕਾਵਿ-ਪ੍ਰਵਾਹ ਹੀ ਇਸ ਦੀ ਕਾਵਿਕ ਵਿਧੀ ਵਿਧਾਨ ਦੀ ਘਾੜਤ ਘੜਦਾ ਹੈ।ਹਕੀਕਤ ਨੂੰ ਉਚਾਰਦਾ ਹੋਇਆ ਕਵੀ ਦਾ ਬਿਆਨ ਵੇਖੋ:-

-ਸੂਰਤ,ਸੀਰਤ ਨਾਲ ਚੱਜ ਆਚਾਰ ਮਿਲ ਜਾਏ ਕਰਾਮਾਤੀ ਹੁਸਨ ਹਰ ਦਿਲ ਅਜ਼ੀਜ਼ ਹੁੰਦਾ ਏ । --'ਚਾਹਲ' ਉਦੋਂ ਗ਼ਜ਼ਲ ਮਟਕ ਨਾਲ ਅੱਗੇ ਤੁਰਦੀ ਜਦੋਂ ਤੁਕਾਂਤ ਤੋਂ ਪਹਿਲਾਂ ਮਿਲਦਾ ਰਦੀਫ਼ ਹੁੰਦਾ ਏ। (ਪੰਨਾ 138)

'ਰੁਬਾਈ' ਦੇ ਰੂਪ ਵਿੱਚ ਕਾਵਿ-ਅੱਖਰਾਂ, ਸ਼ਬਦਾਂ ਦਾ ਪ੍ਰਵਾਹ ਵੇਖੋ:-ਅਲਫ਼ਾਜ ਕੀ ਕਹਿੰਦੇ ਨੇ,ਜਾਣਨ ਵਾਲੇ ਜਾਣ ਲੈਂਦੇ ਨੇ ਜੋ ਕਹਿਣਾ ਕਹਿ ਕੇ ਰਹਿੰਦੇ,ਹਿਰਦੇ ਪੱਕੀ ਠਾਣ ਲੈਂਦੇ ਨੇ।

ਸੰਢੇ ਅੱਗੇ ਬੀਨ ਏਹ ਲੱਗਣ,ਤੇ ਕਾਲਾ ਅੱਖਰ ਭੈਂਸ ਬਰਾਬਰ। ਪਛਾਣਨ ਵਾਲੇ ਕਲਾਤਮਕ ਸੱਜਣ ਅਲਫਾਜੀ ਅੰਦਾਜ਼ ਪਛਾਣ ਲੈਂਦੇ ਨੇ। (ਪੰਨਾ163)

ਸਪਸ਼ਟ ਹੈ ਕਿ ਇਹ ਕਵੀ ਕਵਿਤਾ ਦੀਆਂ ਵਿਭਿੰਨ ਵੰਨਗੀਆਂ ਦਾ ਗਿਆਤਾ ਹੈ।ਇਹ ਸਭਨਾਂ ਕਾਵਿ- ਸ਼ਾਸ਼ਤਰੀਆਂ ਦੁਆਰਾ ਦਰਸਾਈਆਂ ਗਈਆਂ ਕਵਿਤਾ ਦੀਆਂ ਅੰਦਰੂਨੀ ਅਵੱਸਕ ਖੂਬੀਆਂ ਤੋਂ ਵੀ ਵਾਕਿਫ ਹੈ ਅਤੇ ਮੰਨ ਕੇ ਚੱਲਦਾ ਹੈ ਕਿ "ਕਵਿਤਾ ਇੱਕ ਅਜਿਹੀ ਸ਼ਬਦ ਰਚਨਾ ਹੋਈ ਚਾਹੀਦੀ ਹੈ। ਜਿਸ ਵਿੱਚ ਲੈਅ,ਤਾਲ,ਖਿਆਲ,ਜਜ਼ਬਾ,ਕਲਪਨਾ ਤੇ ਕਿਸੇ ਤਰ੍ਹਾਂ ਦੇ ਵਜ਼ਨ ਦਾ ਸੁਮੇਲ ਹੋਵੇ। ਇਹ ਸਾਰੇ ਗੁਣ ਲੱਛਣ 'ਚਾਹਲ' ਦੀ ਸਮੁੱਚੀ ਕਵਿਤਾ ਦੀ ਅੰਤਰ-ਆਤਮਾ ਹਨ। ਗ਼ਜ਼ਲਾਂ ਵਿੱਚ ਵਜ਼ਨ ਦਾ ਪੂਰਾ ਖਿਆਲ ਰੱਖਿਆ ਗਿਆ ਹੈ।ਅਜੋਕੇ ਸਮਰੱਥਾਵਾਨ ਗ਼ਜ਼ਲਗੋਆਂ ਜੋ ਦਾਗ਼ ਗ਼ਜ਼ਲ ਸਕੂਲ' ਤੋਂ ਪ੍ਰਭਾਵਿਤ ਹੋ ਕੇ ਅੱਗੇ ਆਏ ਹਨ ਅਤੇ ਜਿਨ੍ਹਾਂ ਨੇ ਗ਼ਜ਼ਲ ਵਿੱਚ ਕੇਵਲ ਹੁਸਨ, ਇਸ਼ਕ ਜਾਮ,ਸਰਾਹੀ,ਮੈਖ਼ਾਨੇ ਆਦਿ ਦੀ ਗੱਲ ਨੂੰ ਅਜੋਕੀ ਮਾਨਵਤਾ ਦੇ ਸਮਾਜਿਕ,ਆਰਥਿਕ ਆਦਿ ਦੇ ਦੁੱਖਦ-ਸੁੱਖਦ ਸਰੋਕਾਰਾਂ ਨਾਲ ਜੋੜਿਆ ਹੈ,ਵਾਂਗ ਇਹ ਕਵੀ ਵੀ ਸਮਕਾਲੀਨ ਪਰਿਸਥਿਤੀਆਂ ਦਾ ਉਲੇਖ ਛੰਦਾਬੰਦੀ ਵਿੱਚ ਰਹਿ ਕੇ ਹੀ ਕਰਦਾ ਹੈ। ਗ਼ਜ਼ਲਾਂ ਜਾਂ ਕਵਿਤਾਵਾਂ ਹੀ ਨਹੀਂ ਇਸ ਦਾ ਇਹ ਰੰਗ ਦੋਹੇ, ਟੱਪੇ,ਗੀਤ ਤੇ ਵਾਰ ਕਾਵਿ-ਸ਼ਿਲਪਾਂ ਦੀ ਨਿਭਾਓ ਪ੍ਰਸੰਗਤਾ ਵਿੱਚ ਉਦੇਮਾਨ ਹੋਇਆ ਵੇਖਿਆ ਜਾ ਸਕਦਾ ਹੈ।ਰੁਬਾਈ ਦੀ ਬਣਤਰ ਪਹਿਲੀਆਂ ਦੋ ਤੁਕਾਂ ਤੇ ਚੌਥੀ ਤੁਕ ਵਿਚ ਤੁਕਾਂਤ ਨੂੰ ਸਫਲਤਾ ਪੂਰਣ ਨਿਭਾਉਂਦੀ ਪ੍ਰਤੀਤ ਹੁੰਦੀ ਹੈ।ਇਸੇ ਤਰ੍ਹਾਂ ਟੱਪਿਆਂ ਦੀਆਂ ਤਿੰਨ ਤੁਕਾਂ ਵਿਚ ਵਿਚਾਰਾਂ ਦਾ ਓਥਾਨ,ਪਾਸਾਰ ਤੇ ਅੰਤਿਮ ਚਮਕਾਰੇ ਜਿਹਾ ਪ੍ਰਭਾਵ

ਪੈਂਦਾ ਹੈ।ਦੋਹੇ ਨੂੰ ਦੋ ਤੁਕਾਂ 'ਚ ਸਿਰਜਿਆ ਹੈ ਅਤੇ ਗੀਤ ਜਾਂ ਵਾਰ ਦੀ ਰਚਨਾਤਮਕ-ਸੰਰਚਨਾ ਨੂੰ ਬਾਖੂਬੀ ਸੰਗੀਤਕ ਗੁਣ ਭਰ ਕੇ ਪੇਸ਼ ਕੀਤਾ ਹੈ ਤਿੰਨ ਤੁਕੀਆਂ ਬੋਲੀਆਂ ਵਿੱਚ ਵੀ ਇਹੋ ਗੁਣ ਪੁਖ਼ਤਾ ਰੂਪ 'ਚ ਪ੍ਰਗਟ ਹੋਏ ਹਨ। ਉਦਾਹਰਣ ਵਜੋਂ:-(ੳ) ਇੱਕ ਬੋਲੀ (ਅ) ਇੱਕ ਟੱਪਾ ਤੇ (ੲ) ਇੱਕ ਦੋਹਾ ਪੇਸ਼ ਹੈ -

(ੳ) ਬੱਲੇ ਬੱਲੇ ਬਈ ਪੰਜਾਬੀ ਸਾਰੇ ਜਾਗ ਨੇ ਉੱਠੇ ਹੁਣ ਫੋਕੇ ਲਾਰੇ ਨਹੀਂ ਸੁਣਦੇ ਬਈ ਪੰਜਾਬੀ ਸਾਰੇ ਜਾਗ ਨੇ ਉੱਠੇ (ਪੰਨਾ132)

(ਅ) ਵਿਸ਼ਵਾਸ ਸਭ 'ਤੇ ਨਾਂ ਕਰਿਆ ਕਰੋ ਦੁਨੀਆਂ ਦਗ਼ੇਬਾਜ ਹੋ ਗਈ

ਪੈਰ ਸੋਚ ਕੇ ਹੀ ਧਰਿਆ ਕਰੋ ।(ਪੰਨਾ 127 ) (ੲ) ਰਿਜਕ ਦੇਵੇ ਵਿੱਚ ਪੱਥਰਾਂ, ਮੇਰਾ ਪਰਵਰਦਗਾਰ ਮੈਨੂੰ ਨਾ ਕੋਈ ਫਿਕਰ, ਜਾਏ ਸਿਰਜਣਹਾਰ (ਪੰਨਾ 124)

ਉਪਰੋਕਤ ਹਰ ਕਾਵਿ-ਰੂਪਾਕਾਰ 'ਚੋਂ ਦਿੱਤੀ ਗਈ ਉਦਾਹਰਣ ਪ੍ਰਮਾਣਿਕ ਹੈ ਕਿ ਚਾਹਲ ਦੀ ਕਵਿਤਾ ਦੇ ਸ਼ਬਦ ਪਹਾੜੀ ਝਰਨੇ ਦੀ ਧਾਰਾ ਵਾਂਗ ਦਿਲ ਦਿਮਾਗ 'ਚ ਉਤਰ ਕੇ ਕਾਗਜ ਦੇ ਪੰਨਿਆਂ ਉੱਪਰ ਅੰਕਿਤ ਹੋ ਜਾਂਦੇ ਹਨ । ਅਜਿਹੀ ਸੂਖਮ ਤੇ ਸਾਧਨਾ ਭਰੀ ਦ੍ਰਿਸ਼ਟੀ ਉਚੇਰੀ ਪੱਧਰ ਦੇ ਕਾਵਿ ਮਾਪਦੰਡਾਂ ਦੇ ਅਨੁਕਰਣੀ ਹੋਣ ਤੇ ਇਸ ਪ੍ਰਤੀ ਸੁਹਿਰਦਤਾ ਸਹਿਤ ਨਿਭਣਾ ਸੌਖਾ ਰਚਨਾਤਮਕ ਕਾਰਜ ਨਹੀਂ ਹੁੰਦਾ ।ਬਹੁਤ ਸਾਰੇ ਸਾਹਿਤਕਾਰ ਵਿਸ਼ੇਸ਼ ਤਰ ਕਵੀ ਆਪਣੀ ਰਚਨਾ ਦੀ ਖੁਦ ਵਡਿਆਈ ਕਰਦੇ ਹੋਏ ਵੇਖੇ ਜਾਂ ਸੁਣੇ ਜਾਂ ਪੜ੍ਹੇ ਜਾ ਸਕਦੇ ਹਨ ਪਰ ਉਨ੍ਹਾਂ ਦਾ ਕਾਵਿ-ਸਿਧਾਂਤ ਜਾਂ ਰਚਨਾਤਮਕ ਸਰੋਕਾਰ ਦਾ ਪ੍ਰਗਟਾਵਾ ਪੇਤਲੇਪਣ ਤੱਕ ਹੀ ਰਹਿ ਜਾਂਦਾ ਹੈ । ਸਵਿੰਦਰ ਸਿੰਘ ਚਾਹਲ ਦੀ ਕਵਿਤਾ ਪੜ੍ਹਦਿਆਂ ਜਾਂ ਵਾਚਦਿਆਂ ਹੋਇਆਂ ਮਲੂਮ ਹੁੰਦਾ ਹੈ ਕਿ ਇਸ ਕਵੀ ਦੀ ਕਹਿਣੀ ਤੇ ਕਰਨੀ ਇਸ ਦੇ ਸੁਲਗਦੇ ਅਲਫਾਜਾਂ ਵਿੱਚ ਹੂ-ਬ-ਹੂ ਉਕਰੀ ਗਈ ਹੋਈ ਹੈ। ਇਸ ਦੇ ਅਲਫਾਜਾਂ ਵਿਚੋਂ ਪ੍ਰੋ. ਪੂਰਨ ਸਿੰਘ, ਬਾਵਾ ਬਲਵੰਤ, ਪ੍ਰੋ. ਮੋਹਨ ਸਿੰਘ,ਸ਼ਿਵ ਕੁਮਾਰ ਬਟਾਲਵੀ,ਡਾ.ਦੀਵਾਨ ਸਿੰਘ ਕਾਲੇਪਾਣੀ ਆਦਿ ਸ੍ਰੇਸ਼ਟ ਕਵੀਆਂ ਦੀ ਕਾਵਿਕ-ਰੂਹ ਸਾਹ ਲੈਂਦੀ ਪ੍ਰਤੀਤ ਹੁੰਦੀ ਹੈ। ਇਨ੍ਹਾਂ ਤੋਂ ਇਲਾਵਾ ਸਟੇਜੀ, ਧਾਰਮਿਕ, ਕ੍ਰਾਂਤੀਕਾਰੀ ਤੇ ਸਮਾਜ-ਸੁਧਾਰਕ ਸਰੋਕਾਰਾਂ ਨੂੰ ਲੋਕਾਂ ਸਾਹਮਣੇ ਪੇਸ਼ ਕਰਨ ਹਿਤ ਕਈ ਸੰਘਰਸ਼ਾਂ ਵਿਚੋਂ ਦੀ ਗੁਜ਼ਰਨ ਵਾਲਿਆਂ ਦੇ ਅਨਮੋਲ ਬੋਲਾਂ ਦੀ ਵੀ ਸੂਹ ਮਿਲਦੀ (ਭਿਣਖ ਪੈਂਦੀ) ਹੋਈ ਪ੍ਰਤੱਖ ਜਾਂ ਅਪ੍ਰਤੱਖ ਰੂਪ 'ਚ ਵੇਖੀ ਜਾ ਸਕਦੀ ਹੈ। ਪਰ ਕਵੀ ਦਾ ਮੌਲਿਕ ਅੰਦਾਜ਼ ਇਸ ਦੇ ਸਮਕਾਲੀਨ( ਹੁਣ ਦੇ) ਕਵੀਆਂ ਤੋਂ (ੳ)ਵਿਚਾਰਾਤਮਿਕ ਪੱਖ ਅਤੇ(ਅ)ਪੇਸ਼ਕਾਰੀ ਪੱਖ, ਦੋਹਾਂ ਤੋਂ ਨਿਖੇੜਦਾ ਹੈ। ਅਜਿਹਾ ਗੁਣ ਮੀਰੀ ਗੁਣ ਆਖਿਆ ਜਾ ਸਕਦਾ ਹੈ।

ਸਵਿੰਦਰ ਸਿੰਘ ਚਾਹਲ ਦੀ ਕਵਿਤਾ ਮਾਨਵ-ਜਾਤੀ ਵਿਚ ਉਚੇਚਾ ਜੀਵਨ ਜਿਉਣ ਦਾ ਸਾਹਸ ਭਰਦੀ ਹੈ ਅਤੇ ਨਿਕੱਦੀ ਹੀਣਤਾ ਤੋਂ (ਵਿੱਚੋਂ) ਉੱਪਰ ਉੱਠਣ ਦਾ ਉਪਰਾਲਾ ਕਰਨ ਦਾ ਪੱਥ ਦਰਸਾਉਂਦੀ ਹੈ । ਇਸ ਮੰਤਵ ਲਈ ਮਨੁੱਖ, ਮਨੁੱਖ ਦਾ ਸਹਾਇਕ ਬਣਨ ਅਤੇ ਰੱਬ ਵਿੱਚ ਵਿਸ਼ਵਾਸ਼ ਰੱਖ ਕੇ ਕਲਿਆਣਕਾਰੀ ਕਾਰਜ ਕਰਨ ਦਾ ਬਲ ਵੀ ਦਿੰਦੀ ਹੈ ।ਕਵੀ ਦੀ ਚਾਹਤ ਵੀ ਹੈ ਤੇ ਸੁਨੇਹਾ ਵੀ ਹੈ ਕਿ- ਜ਼ਿੰਦਗੀ ਜ਼ਿੰਦਾਬਾਦ ਰਹੇ, ਹਰ ਹਾਲਤ ਆਬਾਦ ਰਹੇ, ਖੁਸ਼ੀਆਂ ਵੰਡੇ,ਖੇੜੇ ਵੰਡੇ, ਜ਼ਿੰਦਗੀ ਬਾਗੋਂ-



ਬਾਗ ਰਹੇ -ਜੋ ਗੱਲ ਆਪਣੇ ਹੱਥ ਨਹੀਂ, ਜਿਊਣਾ ਸਾਡੇ ਵੱਸ ਨਹੀਂ, ਅਸੀਂ ਮਾਣ ਕਾਹਦਾ ਕਰਦੇ ਹਾਂ, ਜੇ ਰੱਬ ਦਾ ਸਮਝੇ ਰਹੱਸ ਨਹੀਂ। -ਅਸੀਂ ਦਮਗਜੇ ਵੱਡੇ ਮਾਰਦੇ ਹਾਂ,ਨਾਲ ਚਤੁਰਾਈ ਸਮਾਂ ਗੁਜ਼ਾਰਦੇ ਹਾਂ, ਜਦ ਇਨਕਾਰੀ ਹੁੰਦੇ ਹਾਂ ਰੱਬ ਤੋਂ, ਉਦੋਂ ਜਿੱਤੀ ਬਾਜ਼ੀ ਹਾਰਦੇ ਹਾਂ।

ਪਿਛਲੀ, ਅਗਲੀ ਜ਼ਿੰਦਗੀ ਦਾ, ਕਿਸੇ ਤਾਈਂ ਕੁਝ ਪਤਾ ਨਹੀਂ, ਪੁਨਰ-ਜਨਮ ਵਰਗੀਆਂ ਫਾਲਤੂ ਗੱਲਾਂ'ਚ,ਕਿਉਂ ਕੀਮਤੀ ਵਕਤ ਗੁਜ਼ਾਰਦੇ ਹਾਂ? (ਪੰਨਾ26-27) ਮੇਰੀ ਜਾਚੇ ਮੀਰੀ ਕਵਿਤਾ ਉਹ ਹੁੰਦੀ ਹੈ ਜੋ ਸਰੋਤੇ ਜਾਂ ਪਾਠਕ ਦੇ ਜ਼ਿਹਨ ਵਿੱਚ ਘਰ ਕਰ ਕੇ ਸ਼ਬਦਾਂ ਦੇ ਅਰਥਾਂ ਦੀਆਂ ਪਰਤ-ਦਰ-ਪਰਤਾਂ ਨੂੰ ਖੋਲ੍ਹ ਕੇ ਵਿਸਥਾਰ ਦਿੰਦੀ ਹੈ ।ਅਜਿਹਾ ਪ੍ਰਯੋਜਨ ਤਾਂ ਹਰੇਕ ਕਵੀ ਚਾਹੁੰਦਾ ਹੈ ਪਰ ਸੰਪੰਨ ਪ੍ਰਕਾਰਜ ਕੋਈ ਕੋਈ ਨਿਭਾਅ/ਪ੍ਰਗਟਾਅ ਸਕਦਾ ਹੈ।ਬੇਸ਼ੁਮਾਰ ਕਵੀਆਂ 'ਚੋਂ ਜਿਹੜੇ ਕਵੀ ਕਵਿਤਾ ਦੀ ਅਸਲ ਪ੍ਰਕਿਰਤੀ ਨੂੰ ਸਮਝ ਕੇ ਪ੍ਰਕਾਰਜ ਵਿੱਚ ਨਿਪੁੰਨਤਾ ਹਾਸਲ ਕਰ ਚੁੱਕੇ ਹਨ,ਉਨ੍ਹਾਂ ਵਿੱਚੋਂ ਸਵਿੰਦਰ 'ਚਾਹਲ' ਇੱਕ ਹੈ ।ਇਸ ਦੀ ਕਵਿਤਾ ਉੱਤਮ ਕਿਰਦਾਰ ਵਾਲੀ ਮਨੁੱਖਤਾ ਦੀ ਸਿਰਜਣਾ ਕਰਨ ਵਾਲਾ ਮਾਰਗ ਦਰਸਾਉਂਦੀ ਹੈ । ਅਗਰ ਮਨੁੱਖ ਆਪਣੇ ਅੰਦਰਲੇ ਮਨੁੱਖ ਨੂੰ ਇਸ ਪ੍ਰਕਾਰ ਸਮਝ ਜਾਵੇ ਕਿ ਉਸ ਦਾ ਇਸ ਮੰਡਲ ਵਿੱਚ ਆਉਣ ਦਾ ਮਨੋਰਥ ਕੀ ਸੀ ?ਕੀ ਹੈ ? ਤਾਂ ਦੁਨੀਆਂ ਸੌਰ ਜਾਂਦੀ ਹੈ। ਇਸ ਕਵੀ ਦੀ ਲੋਚਾ, 'ਨਿਜ-ਸਵਾਰਥ ਦੀ ਸੀਮਾ ਦੀ ਕੈਦ ਤੋਂ ਕੱਢ ਕੇ ਪਰ ਸੁਆਰਥ'ਦੇ ਵਰਤਾਰੇ ਵਿੱਚ ਮਨੁੱਖ ਨੂੰ ਲੈ ਜਾਣ ਦੀ ਪ੍ਰਬਲਤਾ ਵਿੱਚ ਵੇਖੀ ਜਾ ਸਕਦੀ ਹੈ। ਅਜਿਹਾ ਕਰਮ ਉਸ ਦਾ ਹੋਕਾ ਨਹੀਂ, ਜੀਵਨ ਯਥਾਰਥ ਦਾ ਸੱਚਾ-ਸੁੱਚਾ ਅਮਲ ਹੈ ਜੋ ਕਿ ਸੱਜਣਾਂ ਨੂੰ ਸੰਬੋਧਨ ਰੂਪ 'ਚ ਸੁਲਗਦੇ ਅਲਫਾਜਾਂ ਰਾਹੀਂ ਪ੍ਰਗਟ ਕਰ ਵਿਖਾਉਂਦਾ ਹੈ ਕਿ "ਇਹ ਜ਼ਿੰਦਗੀ ਦੀ ਸਫਲਤਾ ਦੀਆਂ ਬੁਲੰਦੀਆਂ ਨੂੰ ਛੂਹਣ ਲਈ,ਪ੍ਰੇਰਕ ਖੁਸ਼ੀਆਂ ਖੇੜਿਆਂ ਦਾ, ਮਸੀਹਾ ਬਣ ਜਾਣ -ਔਕਾਤੀ,ਅਣਖੀਲੇ,ਇਮਾਨਦਾਰ ਮਿਹਨਤੀ ਮਨੁੱਖਾਂ ਦੀ ਪਛਾਣ ਸਥਾਪਤ ਕਰਨ ਦਾ ਸਰੋਤ ਬਣ ਜਾਣ-ਦਿਲਦਾਰਾਂ, ਸੱਜਣਾਂ, ਪ੍ਰੇਮੀਆਂ, ਸਨੇਹੀਆਂ ਦੀ ਸਿਮਰਤੀ ਦਾ ਸੰਜੀਵ ਅੰਗ ਬਣ ਉਨ੍ਹਾਂ ਦੇ ਦਿਲਾਂ 'ਚ ਮੇਰੀ ਮੁਹੱਬਤ ਦਾ ਪੈਗ਼ਾਮ ਬਣ ਜਾਣ ਅਤੇ ਮੈਨੂੰ ਆਪਣੇ 'ਚ ਸਮੋ ਮੇਰੀ ਮਾਤ-ਲੋਕ ਫੇਰੀ ਦੀ ਆਮਦ ਦੇ ਸੱਚੇ-ਸੁੱਚੇ ਚਸ਼ਮਦੀਦ ਗਵਾਹ ਬਣ ਜਾਣ (ਪੰਨਾ42-44)

ਕਵੀ ਦਾ ਇਹ ਰਚਨਾਤਮਿਕ ਵਿਵੇਕ ਮਨੁੱਖ ਵਿਚਲੇ ਦੁੱਖ-ਕਲੇਸ਼, ਈਰਖਾ, ਸਾੜਾ, ਨਫ਼ਰਤ ਆਦਿ ਅੰਤਰੀਵੀ ਰੋਗਾਂ ਨੂੰ ਨਵਿਰਤ ਕਰ ਕੇ ਪਿਆਰ, ਮੁਹੱਬਤ, ਲਗਨ, ਮਿਹਨਤ ਆਦਿ ਖੂਬੀਆਂ ਭਰਪੂਰ ਦੀਵੇ ਜਗਾ ਦੇਣ ਵਿਚ ਨਿਹਿਤ ਪ੍ਰਤੀਤ ਹੁੰਦਾ ਹੈ ।

ਅਜਿਹੇ ਉਦਗਾਰਾਂ ਤੇ ਸਰੋਕਾਰਾਂ ਦਾ ਉਦੀਪਣ ਕਵੀ ਦੀ ਧਾਰਮਿਕ ਆਸਥਾ ਤੋਂ ਹੋਇਆ ਹੈ ਅਤੇ ਇਸ ਦੇ ਉਥਾਨ ਤੋਂ ਪ੍ਰਸਾਰ ਤੱਕ ਇਸ ਦੀ ਨਿੱਜੀ ਜ਼ਿੰਦਗੀ ਦੇ ਹਾਲਾਤ ਤੋਂ ਕਾਰਗਰ ਰਹੇ ਹਨ। ਛੋਟੀ ਉਮਰੇ ਬਚਪਨ ਵਿਚ ਮਾਂ-ਵਿਹੂਣੇ ਹੋ ਜਾਣ ਸਦਕਾ ਕਵੀ ਦਾ ਅਣਸੁਖਾਵੀਆਂ ਸਥਿਤੀਆਂ ਤੇ ਪ੍ਰਸਥਿਤੀਆਂ ਨਾਲ ਵਾਹ ਪਿਆ

।ਪਿਤਾ,ਭਰਾਵਾਂ ਤੇ ਵਿਸ਼ੇਸ਼ ਕਰ ਕੇ ਚਾਚਾ ਜੀ ਦੀ ਧਾਰਮਿਕ ਤੇ ਸੇਵਾ-ਭਾਵਨਾ ਦੀ ਵਿਵਹਾਰਿਕ ਬਿਰਤੀ 'ਚ ਹੋਈ ਪਾਲਣਾ ਨੇ ਇਸ ਵਿੱਚ ਨਿਸ਼ਠਾ ਹੀ ਨਹੀਂ ਸਗੋਂ ਇਸ ਨੂੰ ਦੁਨੀਆਂ ਵਿੱਚ ਕੁਝ ਵਿਲੱਖਣ ਕਰਨ ਦੇ ਯੋਗ ਬਣਾ ਦਿੱਤਾ।ਪ੍ਰਮਾਣ ਸਾਡੇ ਸਾਹਮਣੇ ਹੈ। ਇਹ ਕਵੀ ਆਪਣੇ ਹਰੇਕ ਕਾਰਜ ਦਾ ਆਰੰਭ ਹੀ ਉਕਤ ਦਰਸਾਈ ਨਿਸ਼ਠਾ,ਉਸ ਤੋਂ ਪ੍ਰਾਪਤ ਸੇਧ ਤੇ ਅਰਜੋਈ ਬੰਦਨਾ ਨਾਲ ਕਰਦਾ ਹੈ । ਅਜਿਹੀ ਆਸਥਾ ਤੇ ਨਿਸ਼ਠਾ ਮਨ ਨੂੰ ਸ਼ੁਧ ਕਰ ਦਿੰਦੀ ਹੈ। ਕਵੀ ਦਾ ਐਸਾ ਸੰਦੇਸ਼ ਉਸ ਦੀ ਕਾਵਿਕਤਾ ਨੂੰ ਹੋਰਨਾਂ ਸਮਕਾਲੀ ਕਵੀਆਂ ਤੋਂ ਨਿਖੇੜ ਕੇ ਉਭਾਰਨ ਵਾਲਾ ਗੁਣ ਵੀ ਬਣਦਾ ਹੈ ।ਕਵੀ ਦੇ ਅਲਫ਼ਾਜ ਗੁਰੂਆਂ ਤੇ ਹੋਰ ਵੱਡੀਆਂ ਵੱਡੀਆਂ ਕੁਰਬਾਨੀਆਂ ਕਰ ਜਾਣ ਵਾਲੇ ਮਰਦ-ਅਗੰਮੜਿਆਂ ਨੂੰ ਨਤਮਸਤਕ ਹੋਣ ਅਤੇ ਵਾਰੇ-ਵਾਰੇ ਜਾਣ ਵਿੱਚ ਨਿਹਿਤ ਹਨ।ਕੁਝ ਉਦਾਹਰਣਾਂ ਵੇਖੋ :(ੳ)-ਕਿਰਪਾ ਕਰਕੇ ਲਿਖ ਦੇਈਂ ਰੱਬਾ, ਮੇਰੇ ਉੱਚੇ ਭਾਗਾਂ ਵਾਲੇ ਨਸੀਬ੍ਹ ਹਉਮੈ ਹੰਕਾਰ ਨਾ ਆਵਣ ਨੇੜੇ, ਮੈਨੂੰ ਹਿਰਦੇ ਤੋਂ ਰੱਖੀਂ ਗਰੀਬ।

ਸਦਗੁਣਾਂ ਨਾਲ ਸਮਰੱਥਾ ਬਖਸ਼ੀ, ਲੋੜਵੰਦਾਂ ਦੇ ਕੰਮ ਆ ਸਕਾਂ ਮੈਂ ਦੁੱਖ ਸੁੱਖ ਤੇਰੀ ਰਜ਼ਾ 'ਚ ਕੱਟਾਂ, ਆਪਣੇ ਚਰਨਾਂ ਦੇ ਰੱਖੀਂ ਕਰੀਬ । (172ਪੰਨਾ)

(ਅ)-ਹਿੰਦ ਦੀ ਚਾਦਰ ਬਾਬਾ ਮੇਰਾ,
ਸਪੂਤ ਏ ਮੀਰੀ ਪੀਰੀ ਦਾ
ਹਾਲ-ਏ-ਬਿਆਨ ਕਿਵੇਂ ਕਰਾਂ,
ਕੁਰਬਾਨੀ ਤੇਰੀ ਲਾਸਾਨੀ ਦਾ । (ਪੰਨਾ 21)

(ੲ)-ਸੁਣ ਸਰਸਾ ਦੀਏ ਨਦੀਏ ਨੀ, ਇਹ ਕੀ ਕਹਿਰ ਕਮਾਇਆ ਨੀ। ਵਿਛੋੜ ਪਰਿਵਾਰ ਗੁਰੂ ਸਾਹਿਬ ਦਾ,ਤੈਂ ਭਾਰੀ ਦਗਾ ਕਮਾਇਆ ਨੀ । (ਪੰਨਾ 45 )

(ਸ) —ਮਹਿਕਾਂ ਵੰਡੇ ਚਾਰੇ ਪਾਸੇ ਸ਼ਾਨ ਪਵਿਤਰ ਹਰਮੰਦਰ ਸਾਹਿਬ ਦੀ ਦਰ ਉਸ ਦਾ ਵਾਸੀ ਹੋ ਕੇ ਕਿਉਂ ਬਦਗੁਮਾਨ ਬਣਾਂ ਮੈਂ ?ਸਭ ਰਹਿਮਤਾਂ ਲੈ ਗੁਰੂ ਉਮਰ ਗੁਜ਼ਾਰੀ ਅੰਮ੍ਰਿਤਸਰ ਤੋਂ ਉਸ ਪਵਿਤਰ ਦਰ ਦੇ ਕਿਉਂ ਨਾ ਗੁਣ- ਗਾਨ ਕਰਾਂ ਮੈਂ ?ਬਾਬਾ ਸ਼ਹਿਰ ਤੇਰੇ'ਚ ਚਲਦੇ ਪਿੰਗਲਵਾੜੇ, ਯਤੀਮਖਾਨੇ,ਕੋਹੜੀ ਆਸ਼ਰਮ 'ਚ ਕਿਉਂ ਨਾ ਪੁੰਨ ਦਾਨ ਕਰਾਂ ਮੈਂ ? (ਪੰਨਾ56)

ਇੱਥੇ ਹੀ ਬੱਸ ਨਹੀਂ,ਇਹ ਕਵੀ ਸਿੱਖ ਇਤਿਹਾਸ ਤੇ ਵਿਸ਼ੇਸ਼ ਤਰ ਪੰਜਾਬ ਦੇ ਇਤਿਹਾਸ ਵਿੱਚ ਸਦੀਵੀ ਭਗਤੀ, ਸ਼ਕਤੀ ਤੇ ਕੁਰਬਾਨੀ ਕਰਨ ਵਾਲੇ ਸਭਨਾਂ ਸ਼ਹੀਦਾਂ,ਸੂਰਬੀਰਾਂ ਦੀ ਗਾਥਾ ਨੂੰ ਕਾਵਿ-ਰੂਪਾਂ ਜ਼ਰੀਏ ਪ੍ਰਸਤੁਤ ਕਰਦਾ ਹੈ ਅਤੇ ਇਨ੍ਹਾਂ ਦੁਆਰਾ ਦਿੱਤੀਆਂ ਸਿੱਖਿਆਵਾਂ ਨੂੰ ਧਾਰਨ ਕਰ ਲੈਣ 'ਤੇ ਬੱਲ ਦਿੰਦਾ ਹੈ। ਅਜਿਹੇ ਵਿਚਾਰਾਂ ਤੇ ਭਾਵਾਂ ਨੂੰ ਪ੍ਰਗਟਾਉਂਦੀਆਂ ਹੋਈਆਂ ਬਹੁਤ ਸਾਰੀਆਂ ਕਵਿਤਾਵਾਂ ਇਸ ਕਾਵਿ-ਸੰਗ੍ਰਹਿ ਦੀ ਆਭਾ ਦੀ ਪੁਖਤਗੀ ਅਥਵਾ ਕਾਵਿ-ਸਾਰਥਿਕਤਾ ਨੂੰ ਦ੍ਰਿੜ ਕਰਵਾਉਂਦੀਆਂ ਹਨ।

ਇਸ ਕਵੀ ਦੀ 'ਪਿਆਰ' ਅਨੁਭਾਵਕਿਤਾ ਪ੍ਰੂਤ ਹੈ। ਪਿਆਰ ਜਿਹੇ ਸੂਖਮ ਵਿਸ਼ੇ ਦੀਆਂ ਬਾਰੀਕ ਪਰਤਾਂ ਨੂੰ ਉਸ ਨੇ ਖੂਬ ਪਛਾਇਆ,ਕਮਾਇਆ ਤੇ ਹੰਢਾਇਆ ਹੈ



।ਉਸ ਨੂੰ ਸਵੱਛ ਨਿੱਜੀ ਸੁਹਿਰਦ ਪਿਆਰ ਦੀ ਅਨੁਭੂਤੀ ਨੂੰ ਮਾਨਣ ਤੇ ਸਦੀਵੀ ਰੱਖਣ ਦਾ ਤਜਰਬਾ ਵੀ ਹਾਸਲ ਹੈ।ਇਹ ਕਵੀ 'ਇਕਲੌਕਿਕਤਾ'ਤੇ 'ਪਾਰਲੌਕਿਕਤਾ' ਸੰਕਲਪਾਂ ਨੂੰ ਵੱਖ ਵੱਖ ਤੌਰ'ਤੇ ਵੀ ਅਤੇ ਕਿਤੇ ਕਿਤੇ ਸਮਰੂਪ ਕਰ ਕੇ ਵੀ ਆਪਣੀ ਕਾਵਿ-ਯੋਗਤਾ ਦੇ ਪ੍ਰਗਟਾਵੇ ਦਾ ਯਤਨ ਵੀ ਕਰਦਾ ਹੈ ਪਰ ਇਨ੍ਹਾਂ ਦੋਹਾਂ ਅਵਸਥਾਵਾਂ ਵਿੱਚ ਵਿਚਰਦਿਆਂ ਹੋਇਆਂ ਮਨੁੱਖੀ ਮਾਨਸਿਕਤਾ ਵਿੱਚ ਜੋ ਮਿਲਾਪ ਵਿਛੋੜੇ ਵਾਲੀਆਂ ਚਿਣਗਾਂ ਸੁਲਗਦੀਆਂ ਹਨ ਉਨ੍ਹਾਂ ਦਾ ਜ਼ਿਕਰ ਇਸ ਫ਼ ?ਕਰ ਨਾਲ ਕਰਦਾ ਹੈ ਕਿ ਕਿਤੇ ਵੀ ਉਲਾਰ ਬਿਰਤੀ ਪੈਦਾ ਨਾ ਹੋਵੇ ।ਅਜਿਹਾ ਸੰਤੁਲਨ ਰੱਖਣਾ ਆਮ ਕਵੀਆਂ ਦੀ ਪ੍ਰਤਿਭਾ ਦਾ ਹਾਸਲ ਨਹੀਂ ਬਣਿਆ ਕਰਦਾ ਕਿਉਂਕਿ ਹਰੇਕ ਕਵੀ ਇਸ ਸ਼ਰੋਮਣੀ ਜਜ਼ਬੇ ਦੇ ਇਜ਼ਹਾਰ ਕਰਨ ਵਾਲੇ ਸਾਧਨਾ ਤੇ ਜੋਖਮ ਭਰੀਆਂ ਤਲਖ਼ ਦੁਨਿਆਵੀ ਅੜਿਚਣਾਂ ਨੂੰ ਹੰਢਾ ਸਕਣ ਦੀ ਸਮਰੱਥਾ ਨਹੀਂ ਰੱਖ ਸਕਦਾ ਹੁੰਦਾ।ਕੱਚੇ ਪਿੱਲੇ ਪਿਆਰ ਭਾਵੇਂ ਹਕੀਕੀ ਹੋਵੇ ਜਾਂ ਮਜਾਜੀ ਇਸ ਵਿਚਲੀ ਚੁੱਪ ਦੇ ਅਰਥਾਂ ਤੋਂ ਵਿਰਵੇ ਹੁੰਦੇ ਹਨ,ਸਹਿਜਪ੍ਰਸਤੀ ਤੋਂ ਕਮਜ਼ੋਰ ਹੁੰਦੇ ਹਨ, ਮੁਸ਼ਕਲਾਂ ਤੋਂ ਡਰਦੇ ਹਨ। ਕਵੀ 'ਚਾਹਲ' 'ਪਿਆਰ' ਸੰਬੰਧੀ ਕੁਝ ਇਸ ਤਰ੍ਹਾਂ ਆਖਦਾ ਹੈ:-

ਪਿਆਰ ਇਕ ਤਰਫਾ ਕਦੇ ਦੋ ਤਰਫਾ ਕਦੇ ਕੋਈ ਤਰਫਾ ਨਹੀਂ ਰਹਿ ਜਾਂਦਾ ਪਿਆਰ ਦੀਵਾਨਾ ਹੁੰਦਾ ਹੈ ਮਸਤਾਨਾ ਹੁੰਦਾ ਹੈ, ਲੋਰ ਆਪਣੇ ਵਿਚ ਆ ਕੇ ਵਹਿ ਜਾਂਦਾ। ਪਿਆਰ ਦੀ ਚੁੱਪ ਨੂੰ ਚੁੱਪ ਨਾ ਸਮਝੋ, ਇਹ ਚੁੱਪ 'ਚ ਬਹੁਤ ਕੁਝ ਕਹਿ ਜਾਂਦਾ ਚਾਹਲ ਕਹਿੰਦਾ ਕਹਾਉਂਦਾ ਨਾਢੂ ਖਾਂ ਵੀ, ਗੋਡੇ ਟੇਕ ਅੱਗੇ ਪਿਆਰ ਦੇ ਢਹਿ ਜਾਂਦਾ। (ਪੰਨਾ 147)

ਕਵੀ 'ਚਾਹਲ' ਦਾ 'ਪਿਆਰ ਅਨੁਭਵ' ਇਸ ਦੀ ਜੀਵਨ-ਸ਼ੈਲੀ ਦੀ ਸਾਦਗੀ ਤੇ ਸੁਹਿਰਦਤਾ ਵਿਚੋਂ ਥਾਂ-ਪੁਰ-ਥਾਂ ਝਲਕਦਾ ਦਿਸਦਾ ਹੈ ।ਪਰ ਜਦੋਂ ਇਹ ਸ਼ਾਬਦਿਕ( 'ਸੁਲਗਦੇ ਅਲਫ਼ਾਜ 'ਦਾ )ਪ੍ਰਬਲ ਰੂਪ ਧਾਰ ਲੈਂਦਾ ਹੈ ਤਾਂ ਇਹ ਮਾਂ-ਬੋਲੀ ਪੰਜਾਬੀ,ਪੰਜਾਬੀਅਤ ਤੇ ਪੰਜਾਬ ਦੀ ਧਰਤੀ ਦੇ ਮੋਹ ਵਿਚ ਸਰਸ਼ਾਰ ਹੋ ਜਾਂਦਾ ਹੈ। ਕਵੀ ਦੀ ਮਾਨਸਿਕਤਾ ਦੇ ਅਵਚੇਤਨ ਹਿੱਸੇ (ਭਾਗ) ਵਿੱਚ ਭਾਵਕਤਾ ਨਹੀਂ ਹੈ, ਸਗੋਂ ਇਹ ਤਾਂ ਦ੍ਰਿੜ੍ਹ ਇਰਾਦੇ ਨਾਲ ਆਪਣਾ ਸੰਕਲਪ ਪਾਠਕਾਂ ਦੇ ਸਨਮੁਖ ਕਰਦਾ ਹੋਇਆ ਆਖਦਾ ਹੈ ਕਿ:-

" ਮਾਂ-ਬੋਲੀ ਤੋਂ ਮੁਨੱਕਰ ਹੋ ਉਮਰ ਭਰ ਮੁਰਦੇ ਸਰੀਰ ਦਾ ਬੇਲੋੜਾ ਭਾਰ ਢੋਣ ਤੋਂ ਪਹਿਲਾਂ ਆਪਣੀ ਜਨਮ-ਦਾਤੀ ਮਾਂ ਲਈ ਅਕ੍ਰਿਤਘਣ ਰਹਿਣਾ ਚਾਹੁੰਦਾ ਹਾਂ ਮੈਂ। ਮਾਂ ਆਪਣੀ ਅਮਰ ਵੇਖਣ ਲਈ ਅਗਲੀ ਪੀੜ੍ਹੀ ਦੇ ਵਾਰਸਾਂ ਨੂੰ ਪੰਜਾਬੀ ਸੱਭਿਆਚਾਰ ਦੇ ਮੋਹ 'ਚ ਗੂੜ੍ਹੀ ਰੰਗਤ ਨਾਲ ਮਾਂ-ਬੋਲੀ ਦੇ ਹਰ ਵਰਣ ਨੂੰ ਹਕੀਕਤ ਵਿੱਚ ਜਿਊਣ ਦਾ ਸੰਦੇਸ਼ ਦੇਣਾ ਚਾਹੁੰਦਾ ਹਾਂ ਮੈਂ ।" (ਪੰਨਾ 36 ) ਕਵੀ ਦੀ ਹੋਰ ਅਭਿਲਾਸ਼ਾ ਹੈ, ਇਹ ਮਾਂ-ਬੋਲੀ 'ਚ ਸਾਹਿਤ ਸਿਰਜਕਾਂ ਦਾ ਕਦਰਦਾਨ ਬਣ ਕੇ ਇਸ ਵਿਚ ਰਚੇ ਗਏ ਪਵਿੱਤਰ ਗ੍ਰੰਥਾਂ ਦੇ ਸੰਦੇਸ਼ ਦਾ ਵੀ ਵਾਹਕ ਬਣੇ ਅਤੇ ਇਸ (ਮਾਂ-ਬੋਲੀ ) ਦੇ ਅਮੀਰ ਤਰੀਨ ਵਿਰਸੇ ਦਾ ਖੁਦ ਅਲੰਬਰਦਾਰ ਬਣ ਕੇ ਸਦਾ ਸੇਵਾ ਵਿ ਜੁਟਿਆ ਰਹੇ। ਕਵੀ ਦਾ ਇਹ ਵੀ

ਸੁਨੇਹਾ ਹੈ ਕਿ ਮਾਤ-ਭਾਸ਼ਾ ਵਿੱਚ ਵਿੱਦਿਆ ਦਾ ਪ੍ਰਚਾਰ ਪਸਾਰ ਕਰਨ ਹਿਤ ਵਿੱਦਿਆ - ਪ੍ਰਣਾਲੀ ਨੂੰ ਸੋਧ ਕੇ ਪਰ ਉਪਕਾਰੀ ਬਣਾਇਆ ਜਾਵੇ ਤਾਂ ਜੋ ਅਗਲੀਆਂ ਪੀੜ੍ਹੀਆਂ ਦਾ ਤੀਜਾ ਨੇਤਰ ਖੋਲ੍ਹ ਕੇ ਨੂਰ ਵੰਡ ਸਕੇ ।ਇਸੇ ਪ੍ਰਸੰਗਤਾ ਵਿੱਚ ਕਵੀ ਦਾ ਤੇਹ ਨੇਹ ( ਵਿਦੇਸ਼ਾਂ 'ਚ ਵਸਦਿਆਂ ਹੋਇਆਂ ਵੀ) ਪੰਜਾਬ ਦੀ ਧਰਤੀ ਤੇ ਇੱਥੋਂ ਦੇ ਲੋਕਾਂ ਦੀ ਖੁਸ਼ਹਾਲੀ ਵਿੱਚ ਨਿਹਿਤ ਦਿਸਦਾ ਹੈ।ਇਸ ਦੀ ਦਿਲੀ ਤਮੰਨਾ ਰਹੈ ਕਿ ਪੰਜਾਬ ਦੇ ਵਸਨੀਕ ਭ੍ਰਿਸ਼ਟਾਚਾਰੀ-ਮਤਲਵ ਪ੍ਰਸਤ-ਧੋਖਾਧੜੀਆਂ ਕਰਨ ਵਾਲੇ ਲੋਕਾਂ ਤੇ ਵਿਸ਼ੇਸ਼ ਤਰ ਅਜਿਹੇ ਦੰਭੀ ਨੇਤਾਵਾਂ /ਅਫਸਰਾਂ ਦੀਆਂ ਚੁੰਗਲਾਂ- ਲਾਰਿਆਂ-ਸਬਜਬਾਗਾਂ ਆਦਿ ਤੋਂ ਸੁਚੇਤ ਰਹਿਣ ਅਤੇ ਚੰਗਾ ਹੋਵੇ ਕਿ ਅਜਿਹੇ ਲੋਕਾਂ ਨੂੰ ਰੱਬ ਆਪਣੇ ਕੋਲ ? ਹੀ ਲੈ ਜਾਵੇ ।ਇਸ ਕਾਵਿ-ਬੋਧ ਨੂੰ ਕਵੀ ਦੀ ਹੂਕ ਵੀ ਆਖਿਆ ਜਾ ਸਕਦਾ ਹੈ।

ਇਸ ਕਵੀ ਦੀ ਪ੍ਰਬਲ ਇੱਛਾ ਹੈ ਕਿ ਉਸ ਨੂੰ ਪੰਜਾਬ ਪਹਿਲਿਆਂ ਸਮਿਆਂ ਵਰਗਾ ਮੇਲਿਆਂ-ਮੁਸਾਹਬਿਆਂ, ਭਾਈਚਾਰੇ ਵਿਚ ਲਬਰੇਜ,ਟੱਪਦਾ ਨੱਚਦਾ ਤੇ ਇਮਾਨਦਾਰ ਹੋਣਹਾਰ ਨੌਜਵਾਨਾਂ ਦੇ ਹੱਥਾਂ ਵਿੱਚ ਪਲ ?ਦਾ,ਵਿਕਸਦਾ ਹੋਇਆ ਇੱਕ ਅਜੂਬੇ ਦੇ ਰੂਪ ਵਿੱਚ ਪੰਜਾਬ ਦਿਸੇ।ਇਸ ਦੀ ਇਹ ਵੀ ਚਾਹਤ ਹੈ ਕਿ ਚੈਨ ਨਾਲ ਮਰਨ ਤੋਂ ਪਹਿਲਾਂ ਹੀ ਉਸ ਦੀ ਇਹ ਇੱਛਿਆ ਪੂਰੀ ਹੋ ਜਾਵੇ।ਤਾਂ ਹੀ ਤਾਂ ਕਹਿ ਉੱਠਦਾ ਹੈ ਕਿ :"ਰੇਤ,ਸ਼ਰਾਬ,ਟਰਾਂਸਪੋਰਟ,ਮਾਫੀਏ/ਗੈਂਗਸਟਰਾਂ ਕੁਰੱਪਟ ਲੀਡਰਾਂ,ਅਫ਼ਸਰਾਂ ਤੋਂ ਮੁਕਤ ਹੋਇਆ ਟਹਿਕਦਾ ਪੰਜਾਬ ਚਾਹੀਦਾ । ਰਿਆਇਤਾਂ,ਗਰੰਟੀਆਂ,ਨਾਹਰਿਆਂ-ਯੁਕਤ ਨਹੀਂ ਮੈਨੂੰ ਕਰਜ਼ਾ- ਮੁਕਤ ਸੋਨੇ ਦੀ ਚਿੜੀ ਪੰਜਾਬ ਚਾਹੀਦਾ, 'ਰਾਜ ਨਹੀਂ ਸੇਵਾ'ਕਹਿਣ ਵਾਲਿਆਂ ਦੀ ਗ੍ਰਿਫਤ ਤੋਂ ਮੈਨੂੰ ਮੁਕਤ ਹੋਇਆ ਆਪਣਾ ਪੰਜਾਬ ਚਾਹੀਦਾ।....... ਇੰਗਲੈਂਡ,ਅਮਰੀਕਾ,ਕੈਨੇਡਾ ਵਰਗੇ ਦੇਸ਼ਾ ਵਿਚ ਕਈ ਪੰਜਾਬ ਵਸਾ ਛੱਡੇ ਮਿਹਨਤੀ ਪੰਜਾਬੀਅਤ ਨੇ ਆਪਣੇ ਪੰਜਾਬ ਵਿਚ ਵੀ ਐਸਾ ਪੰਜਾਬ ਚਾਹੀਦਾ। ..

ਕਵੀ ਦਾ 'ਪਿਆਰ' ਮਾਂ ਦੀ ਮਮਤਾ ਦੀ ਮਹਾਨਤਾ ਨੂੰ ਵੀ ਸਾਰਥਕ ਸ਼ਬਦਾਂ 'ਚ ਬਿਆਨ ਕਰਦਾ ਹੈ ਅਤੇ ਹੋਰ ਸਮਾਜੀ ਰਿਸ਼ਤਿਆਂ ਪ੍ਰਤੀ ਵੀ ਸ਼ੁਭ ਅਲਫਾਜਾਂ 'ਚ ਬਿਆਨ ਕਰਦਾ ਹੈ ਰੁਮਾਂਟਿਕ ਤੱਤਾਂ ਦੀ ਬਹੁਲਤਾ ਤਾਂ ਨਹੀਂ ਪ੍ਰਤੀਤ ਹੁੰਦੀ ਪਰ ਕਿਉਂਕਿ ਮਨੁੱਖੀ(ਦੁਨਿਆਵੀ) ਜਾਮੇ 'ਚ ਹੋਣ ਸਦਕਾ ਕਿਤੇ ਕਿਤੇ ਜ਼ਰੂਰ ਨਜਰੀਂ ਪੈਂਦਾ ਹੈ ਭਾਂਵੇਂ ਕਿ ਆਰਥਿਕ ਮਜਬੂਰੀਆਂ, ਘਰ-ਗ੍ਰਹਿਸਥੀ 'ਚ ਗਹਿਣੇ ਲੈ ਕੇ ਦੇਣ ਤੋਂ ਅਸਮਰੱਥਾ ਵਿੱਚ ਪੂਰਤੀ ਨਾ ਕਰਨ ਦੇ ਪ੍ਰਗਟਾਵੇ ਦੇ ਰੂਪ 'ਚ ਪ੍ਰਗਟ ਹਨ ਪਰ ਰੂਹ ਨੂੰ ਸਰਸਾਰ ਕਰਨ ਦੀ ਲੋਚਾ ਤਾਂ ਕਵੀ ਵਿਚ ਜਿਉਂਦੀ ਜਾਗਦੀ ਪ੍ਰਤੀਤ ਹੋਈ ਹੈ।

'ਚਾਹਲ' ਦੀ ਕਵਿਤਾ ਕਿਰਤੀ, ਕਾਮਿਆਂ ਮਜਦੂਰਾਂ ਦੇ ਹਿੱਤਾਂ ਦੀ ਪੂਰਤੀ ਵਾਸਤੇ ਇਕ ਵੰਗਾਰ,ਇਕ ਹੋਕਾ ਤੇ ਸੰਦੇਸ਼ਾ ਬਣ ਕੇ, ਇਸ ਦੇ ਮਾਨਵ-ਹਿਤੈਸ਼ੀ ਹੋਣ ਦਾ ਗੁਣ ਪ੍ਰਗਟ ਕਰਦੀ ਹੈ।ਅੰਨ ਦਾਤਾ(ਕਿਸਾਨ) ਦਾ ਹੱਕ- ਸੱਚ ਪ੍ਰਤੀ ਜੂਝਣਾ ਵੀ ਪ੍ਰਗਟ ਕਰਦੀ ਹੈ । ਇਨ੍ਹਾਂ ਸਭਨਾਂ ਦੀਆਂ ਆਰਥਿਕ ਮਜਬੂਰੀਆਂ, ਤੰਗੀਆਂ ਤੁਰਸ਼ੀਆਂ ਤੇ ਸਾਧਨ - ਵਿਹੂਣੇ ਹੋ ਕੇ ਰਹਿ ਜਾਣ ਵਾਲੇ ਕਾਰਨਾਂ ਦੀ ਤਲਾਸ਼ ਕਰ ਕੇ ਵਕਤ ਦੇ ਹੁਕਮਰਾਨਾਂ, ਅਹਿਲਕਾਰਾਂ ਤੇ ਅਖੌਤੀ-ਸਹਾਇਤਾ -ਫੰਡ ਦੇਣ ਵਾਲਿਆਂ ਦੇ ਕਿਰਦਾਰਾਂ



ਦਾ ਪਰਦਾ ਵੀ ਫਾਸ਼ ਕਰਦੀ ਹੈ । ਮਜ਼ਦੂਰ ਦਿਵਸ ਨੂੰ ਮਨਾ ਕੇ ਪ੍ਰੋਗਰਾਮਾਂ 'ਤੇ ਬੇਲੋੜੇ ਖਰਚ ਕਰ ਦੇਣ ਨਾਲੋਂ ਕਵੀ ਵੱਲੋਂ ਰੁਜ਼ਗਾਰ ਮੁਹੱਈਆਂ ਕਰਵਾਉਣ ਵਾਲੇ ਯਤਨ ਕਰਨ ਸੰਬੰਧੀ ਅਪੀਲਾਂ, ਕਾਵਿ-ਦਲੀਲਾਂ ਵੀ ਦਿੱਤੀਆਂ ਗਈਆਂ ਹਨ:-

"ਤੁਸੀਂ ਮਨਾਇਓ ਮਜ਼ਦੂਰ ਦਿਵਸ, ਅਸੀਂ ਮਜ਼ਦੂਰੀ ਢੂੰਡਣ ਜਾਵਾਂਗੇ। (ਪੰਨਾ 28) ਅਤੇ ਕਿਸਾਨ ਅੰਨ ਦਾਤਿਆਂ ਨਾਲ ਨਾ ਕਰੇ ਇਨਸਾਫ਼ ਕੋਈ, ਜਿਹੜੀ ਸਰਕਾਰ ਆਵੇ ਚੱਲੇ ਚਾਲੋਂ ਕੁਚਾਲ ਮੀਆਂ।

(ਪੰਨਾ 53) ਅਜਿਹੇ ਅਲਫ਼ਾਜ ਕਵੀ ਦੀ ਜੁਅਰਤ ਦਾ ਸਬੂਤ ਹਨ। ਕਵੀ ਦਾ ਨਿਸ਼ਚਾ ਹੈ ਕਿ ਹੱਕ-ਸੱਚ ਦੀ ਪ੍ਰਾਪਤੀ ਲਈ ਆਵਾਜ਼ ਬੁਲੰਦ ਕਰਨੀ ਜਿਉਂਦੇ-ਜਾਗਦੇ ਲੋਕਾਂ ਦਾ ਫਰਜ ਬਣਦਾ ਹੈ । ਕਵੀ ਜਾਣਦਾ ਹੈ ਕਿ ਬਾਵਾ ਬਲਵੰਤ ਨੇ ਵੀ ਆਪਣੀ ਇੱਕ ਕਵਿਤਾ 'ਚ ਕਿਹਾ ਸੀ ਕਿ "ਕਿਉਂ ਖਿਆਲਾਂ ਦੇ ਲਈ ਹਨ ਬੇੜੀਆਂ ਜੇ ਹਵਾ ਨੂੰ ਪਾਈ ਨੂੰ ਬੰਧਨ ਨਹੀਂ। ਕਵੀ ਦਾ ਮੰਨਣਾ ਹੈ ਕਿ ਮਜ਼ਦੂਰ ਤੇ ਕਿਸਾਨ ਆਪਣੀ ਕਿਰਤ ਦੀ ਕਮਾਈ ਦੁਆਰਾ ਪ੍ਰਾਪਤ ਹੋਈ ਰੋਟੀ ਖਾਣਾ ਚਾਹੁੰਦਾ ਹੈ, ਗੁਲਾਮੀ ਭਰੀ ਜ਼ਿੰਦਗੀ ਇਨ੍ਹਾਂ ਨੂੰ ਰਾਸ ਨਹੀਂ ਹੈ।ਇਸੇ ਕਰ ਕੇ ਇਹ ਵਰਗ ਭਰਮ ਜਾਲਾਂ ਵਿਚ ਫਸ ਕੇ ਨਹੀਂ ਰਹਿਣਾ ਚਾਹੁੰਦੇ। ਭਾਈ ਵੀਰ ਸਿੰਘ ਨੇ ਵੀ ਕਿਹਾ ਹੈ ਕਿ"ਸੁੱਖ ਦੀ ਨੀਂਦੇ ਸੌਣਾ ਚਾਹਵੇਂ ਵੱਸ ਨਾ ਪਈ ਅਮੀਰਾਂ ਦੇ, ਬੰਦੀਜਨ ਦੇ ਹਲਵੇ ਨਾਲੋਂ ਟੁਕੜੇ ਭਲੇ ਫ਼ਕੀਰਾਂ ਦੇ 66

ਅਜਿਹਾ ਪੈਗਾਮ 'ਚਾਹਲ' ਦੀ ਕਵਿਤਾ ਵਿੱਚ ਚਰਚਿਤ ਮਜ਼ਦੂਰ ਤੇ ਕਿਸਾਨ ਦਿੰਦੇ ਪ੍ਰਤੀਤ ਹੁੰਦੇ ਹਨ।

ਸਵਿੰਦਰ ਸਿੰਘ ਚਾਹਲ ਦੇ ਸੁਲਗਦੇ ਅਲਫ਼ਾਜ ਮਾਨਵਤਾ ਵਿੱਚ ਜੀਵਨ- ਜੋਤ ਜਗਾਉਂਦੇ ਹਨ। ਇਹ ਜੀਵਨ- ਜੋਤ ਨੇਕੀ,ਸੇਵਾ,ਕਿਰਤ,ਬੰਦਗੀ ਤੇ ਸੱਚ ਜਿਹੇ ਗੁਣਾਂ ਦੇ ਧਾਰਕ ਹੋ ਕੇ ਜਗਦੀ ਹੈ । ਇਸ ਜੀਵਨ- ਜੋਤ ਦੇ ਜਗਣ ਨਾਲ ਉੱਤਮ ਇਨਸਾਨੀਅਤ ਸਿਰਜੀ ਜਾਈ ਸੰਭਵ ਹੁੰਦੀ ਹੈ । ਮਨੁੱਖ ਕੁਦਰਤ ਦੀ ਹਰ ਸ਼ੈਅ ਦੇ ਸੁਹਜ-ਸੁਹੱਪਣ ਜੇਕਰ ਸਮਝ ਲਵੇ, ਕਾਇਨਾਤ ਨੂੰ ਪਿਆਰ ਕਰੇ,ਸਮੇਂ ਦੀ ਨਜ਼ਾਕਤ ਨੂੰ ਉਸਾਰੂ ਦ੍ਰਿਸ਼ਟੀਕੋਣ ਤੋਂ ਵੇਖੇ,ਪਰਉਪਕਾਰ ਕਰਦੇ ਨੂੰ ਲੋਕੀਂ ਕੀ ਕਹਿਣਗੇ ਦਾ ਤੌਖਲਾ ਛੱਡੇ ਤੇ ਮਿਹਨਤ ਸੰਘਰਸ਼ ਦਾ ਮਾਰਗ ਅਪਨਾਵੇ ਤਾਂ ਉਸ ਦੀ ਹੋਂਦ ਨੂੰ ਕੋਈ ਆਂਚ ਨਹੀਂ ਆ ਸਕੇਗੀ।ਸਾਰੇ ਆਪਣੇ-ਆਪਣੇ ਹੀ ਦਿਸਣਗੇ ਵਲਾਂ- ਵਲੇਵਿਆਂ, ਛਲਾਵਿਆਂ ਤੋਂ ਮਨੁੱਖ ਹੱਟ ਕੇ ਸਾਦਗੀ, ਸਰਲਤਾ ਤੇ ਸਪਸ਼ਟਤਾ ਵਾਲਾ ਜੀਵਨ ਬਸਰ ਕਰੇ ਤਾਂ ਸਚਮੁੱਚ ਹੀ ਇਨਸਾਨੀਅਤ ਪੈਦਾ ਹੋ ਸਕਦੀ ਹੈ। ਜਿੱਥੇ ਹਰੇਕ ਮਨੁੱਖ ਸਿਰ ਉੱਚਾ ਕਰ ਕੇ ਘਰ,ਸਮਾਜ,ਦੇਸ਼ ਵਿਸ਼ੇਸ਼ ਵਿੱਚ ਵਿਚਰ ਸਕਦਾ ਹੈ ।ਅਜਿਹਾ ਰਚਨਾਤਮਿਕ ਵਿਵੇਕ ਵਿਚਾਰ ਅਧੀਨ ਕਾਵਿ-ਸੰਗ੍ਰਹਿ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿੱਚੋਂ ਨਿਰੂਪਤ ਹੋਇਆ ਪੜ੍ਹਿ ਆ/ਮਾਣਿਆ ਜਾ ਸਕਦਾ ਹੈ। ਅਜਿਹੇ ਉੱਚੇ-ਸੁੱਚੇ ਭਾਵ-ਬੋਧ ਅਤੇ ਕਾਵਿ-ਪ੍ਰਯੋਜਨ ਦਾ ਪ੍ਰਗਟਾਵਾ ਕਵੀ ਆਪਣੀ ਇਕ ਰੁਬਾਈ ਵਿਚ ਇਸ ਤਰ੍ਹਾਂ ਕਰਦਾ ਹੈ ਕਿ:-

ਗਿਆਨ-ਭੰਡਾਰ, ਸਖ਼ਤ-ਮੁਸ਼ਕਤ, ਉੱਚਾ ਵਿਵਹਾਰ

ਤਿੰਨੇ ਸ਼ਬਦ ਮਨੁੱਖ ਦੀ ਕਾਮਯਾਬੀ ਦਾ ਆਧਾਰ ਸੱਜਣੋ। ਸਫਲ ਮਨੁੱਖੀ ਜੀਵਨ 'ਚ ਛਿਆਨਵੇਂ ਫੀਸਦੀ ਹਿੱਸਾ ਪਾਏ ਮਨੁੱਖ ਦਾ ਵੱਡਮੁੱਲਾ ਗਿਆਨ- ਭੰਡਾਰ ਸੱਜਣੋ, ਸਖ਼ਤ ਮੁਸ਼ੱਕਤ ਲਿਜਾਏ ਬੰਦੇ ਨੂੰ, ਉੱਚ ਬੁਲੰਦੀਓਂ ਪਾਰ ਸੱਜਣੋ ਅਠਾਨਵੇਂ ਫੀਸਦੀ ਮੁਸ਼ੱਕਤ ਬੰਦੇ ਦੀ, ਅਸਫਲਤਾ ਦੇਵੇ ਨਿਕਾਰ ਸੱਜਣੋ। ਸੱਚੇ ਆਚਾਰ ਦੀ ਦੇਣ ਸ਼ੁਹਰਤ,ਸਤਿਕਾਰ, ਪਿਆਰ ਸਜਣੋ ਸੌ ਫੀਸਦੀ ਵਿਹਾਰ ਉੱਚਾ ਕਰੇ, ਡਿਗ ਰਿਹਾ ਮਨੁੱਖੀ ਕਿਰਦਾਰ ਸੱਜਣੋ (ਪੰਨਾ 172) ਤੇ ਇਸ ਕਵੀ ਦੀ ਧਾਰਨਾ ਹੈ, ਮਨੁੱਖ ਸੁਭਾਅ ਪੱਖੋਂ ਖਟੜਾ ਨਾ ਬਣੇ, ਆਪਣੇ ਵਿਵੇਕ ਉੱਤੇ ਊਣੇ ਭਾਵਾਂ ਨੂੰ ਨਾ ਉੱਕਰੇ ਸਗੋਂ ਮਨ ਦੀ ਭਟਕਣਾ ਛੱਡ ਕੇ,ਨਿਰਾਸ਼ਾ ਨੂੰ ਤਿਲਾਂਜਲੀ ਦੇ ਦੇਵੇ । ਇਨ੍ਹਾਂ ਨੈਤਿਕ ਗਿਰਾਵਟ ਵਾਲੀਆਂ ਬੁਰਾਈਆਂ ਤੋਂ ਸੁਚੇਤ ਹੋ ਕੇ ਨਫ਼ਰਤਾਂ ਦੀ ਅੱਗ ਉੱਤੇ ਨਿਮਰਤਾ,ਨਾਮ ਸਿਮਰਨ,ਭਗਤੀ-ਪੂਜਾ ਤੇ ਸਰਬ-ਭਲਾਈ ਰੂਪੀ ਅੰਮ੍ਰਿਤ ਦਾ ਛਿੜਕਾਅ ਕਰੇ,ਕਿਉਂ ਜੋ ਇਸੇ ਸ਼ੁਭ ਭਾਵਨਾ ਯੁਕਤ ਕਿਰਿਆ ਵਿਚੋਂ ਹੀ ਸਹਿਜ, ਸ਼ਾਂਤੀ ਤੇ ਜ਼ਿੰਦਗੀ ਦਾ ਸਰਵੋਤਮ ਖੇੜਾ ਮਿਲ ਸਕਦਾ ਹੈ, ਇਹ ਲੋਕ ਸੁਹੇਲਾ ਹੋ ਸਕਦਾ ਹੈ ਅਤੇ ਪ੍ਰਲੋਕ ਅਸਲ ਸੁਖਾਵਾਂ ਮਾਰਗ ਪ੍ਰਾਪਤ ਹੋ ਸਕਦਾ ਹੈ। ਕਵੀ ਦੀ ਪੱਕੀ ਧਾਰਨਾ ਹੈ ਕਿ ਮਨੁੱਖੀ ਮਨ ਦੀ ਹਰਿਆਵਲ,ਜਗਤ ਹਰਿਆਵਲ ਸਿਰਜਦੀ ਹੈ ।ਸਰਲ ਸ਼ਬਦਾਵਲੀ 'ਚ ਕਿੱਡਾ ਵੱਡਾ ਭਾਵ-ਪੂਰਤ,ਆਸ਼ਾਵਾਦੀ ਸੁਨੇਹਾ ਹੈ ਕਿ- ਦੁਨੀਆਂ ਰੱਖੇ ਯਾਦ ਓਏ ਬੰਦਿਆ, ਕਰ ਜਾ ਕੁਝ ਕਮਾਲ ਓਏ ਬੰਦਿਆ। ਮਨੁੱਖੀ ਜਾਮਾ ਰੱਬ ਦੀ ਰਹਿਮਤ ਮਿਲਿਆ, ਰੱਖ ਹੋਸ਼ ਜਨਮ ਸੰਭਾਲ ? ਓਏ ਬੰਦਿਆ ਔਕਾਤ ਨਾਲ ਆਪਣੀ ਇੱਜ਼ਤ ਸਾਂਭ ਲੈ,ਬੁਰਾ ਨਾ ਹੋ ਜਾਏ ਹਾਲ ਓਏ ਬੰਦਿਆ (ਪੰਨਾ 156 )

ਸੋ ਕਾਵਿ-ਸੰਗ੍ਰਹਿ ਸੁਲਗਦੇ ਅਲਫ਼ਾਜ ਵਿਚ ਅੰਕਿਤ ਹਰੇਕ ਕਵਿਤਾ ਪਾਠਕ ਦੇ ਮਨ ਵਿਚ ਇੱਕ ਨਵਾਂ ਰਚਨਾਤਮਕ ਵਿਚਾਰ ਪੈਦਾ ਕਰਦੀ ਹੈ।ਇਸ ਦਾ ਕਾਰਨ ਇਹ ਹੈ ਕਿ ਇਹ ਕਵੀ ਮਾਨਵੀ ਜੀਵਨ ਯਥਾਰਥ ਦੀ ਰਹਿਤਲ ਨੂੰ ਡੂੰਘੀ ਨੀਝ ਨਾਲ ਸਮਝ ਚੁੱਕਾ ਹੈ, ਜ਼ਿੰਦਗੀ ਵਿੱਚ ਆਉਂਦੇ ਉਤਰਾਅ,ਚੜ੍ਹਾਅ ਸਮਅਰਥੀ ਅਨੁਭਵ ਹੁੰਦੇ ਹਨ ਅਤੇ ਮੁਸ਼ਕਲਾਂ ਵਿੱਚੋਂ ਕੱਢ ਕੇ ਕਾਮਯਾਬੀ ਦਾ ਪੱਖ ਪ੍ਰਦਰਸ਼ਕ ਬਣਦੇ ਜਾਪਦੇ ਹਨ। ਮੇਰੇ ਪਿੰਡ ਦੀ ਪੁਕਾਰ, 'ਦਿਲਦਾਰ', 'ਰੂਹ ਤੇ ਜਿਸਮ' 'ਸਰਸਾ ਦੀਏ ਨਦੀਏ' 'ਮੈਂ ਮਾਂ ਵੇਖੀ' ਡਿਠੈ ਸਭੈ ਥਾਵਿ'ਫਰਿਆਦ ਰੱਬ ਦੇ ਹਜ਼ੂਰ ਬਾਦਸ਼ਾਹ ਦਰਵੇਸ਼ ਜੀਵਨ ਦੇ ਰੰਗ ਬਾਲ ਜੁਆਨੀ ਅਰ ਬਿਰਧ ਫੁਨਿ"ਸਿਆਸੀ ਤਿਕੜਮ-ਬਾਜ਼ੀਆਂ' 'ਸ਼ਾਇਰਾਂ ਦੀ ਰੂਹ"ਦੀ ਆਮਦ ਵਾਲ ?ੀਆਂ ਲੈ ਦੇ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ' ਆਦਿ ਸਿਰਲੇਖਾਂ ਵਾਲੀਆਂ ਕਵਿਤਾਵਾਂ ਆਧੁਨਿਕ ਪੰਜਾਬੀ ਕਵਿਤਾ ਦੀ ਮਹਾਨਤਾ ਵਿੱਚ ਹੋਰ ਵਾਧਾ ਕਰਦੀਆਂ ਹਨ। ਇਨ੍ਹਾਂ ਦਾ ਗਹਿਨ-ਅਧਿਐਨ ਮਨੁੱਖੀ ਚੇਤਨਾ ਨੂੰ ਖੂਬ ਟੁੰਬਦਾ ਹੈ ਅਤੇ ਇਸ ਗੱਲ/ਸੰਕਲਪ ਨੂੰ ਦੁਹਰਾਉਂਦਾ ਹੈ ਕਿ ਮਨੁੱਖ ਜ਼ਿੰਦਗੀ ਵਿੱਚ ਉਸਾਰੂ ਯੋਗਦਾਨ ਪਾਵੇ ਅਤੇ ਸਾਫ-ਸੁਥਰੀ, ਅਡੋਲ-ਸਡੋਲ ਮਨੁੱਖਤਾ ਦੀ ਸਿਰਜਣਾ ਕਰੇ। ਵਾਰਿਸ ਨਿਰਸੰਦੇਹ, ਪ੍ਰਿੰ. ਸਵਿੰਦਰ ਸਿੰਘ 'ਚਾਹਲ' ਪ੍ਰਚਲਤ ਕਾਵਿ-ਰੂਪਾਂ ਨੂੰ ਪੁਖਤਗੀ ਵਿੱਚ ਧਾਰਨ ਕਰ



ਕੇ ਆਪਣੀ ਰਚਨਾਤਮਿਕ ਵਿਵੇਕਸ਼ੀਲਤਾ ਨੂੰ ਵਿਲੱਖਣ, ਸਰਲ, ਸਪਸ਼ਟ ਤੇ ਬੇ-ਬਾਕ ਕਾਵਿ-ਸ਼ੈਲੀ ਜ਼ਰੀਏ ਪਾਠਕਾਂ /ਸਰੋਤਿਆਂ/ਪਾਰਖੂਆਂ ਦੇ ਸਨਮੁਖ ਕੀਤਾ ਹੈ । ਅਜਿਹਾ ਕਾਰਜ, ਅਜੋਕੀ ਪੰਜਾਬੀ ਕਵਿਤਾ ਵਿਚ ਵਰਣਨਯੋਗ ਸਥਾਨ ਰੱਖਦਾ ਪ੍ਰਤੀਤ ਹੋਇਆ ਹੈ ਅਤੇ ਕਾਵਿ-ਸਿਰਜਣਾ ਵਿਚ ਜੁੜੇ ਨਵੇਂ ਕਵੀਆਂ ਵਾਸਤੇ ਸੇਧ-ਮੂਲਕ ਦਸਤਾਵੇਜ ਵੀ ਬਣ ਗਿਆ ਹੈ ।ਸੋ ਇਸ ਕਵੀ ਦੇ ਰਚਨਾਤਮਕਵਿਵੇਕ ਨੂੰ ਅਣਗੌਲਾ ਕਰਨ ਦੀ ਵਕਤੀ ਲੋੜ ਨਹੀਂ,ਇਸ ਵਿਚਲੇ 'ਸਤਿਅਮ', 'ਸ਼ਿਵਅਮ' ਤੇ 'ਸੁੰਦਰਮ, ' ਨੂੰ ਪਛਾਣਨ ਅਤੇ ਸਮਝਣ ਦੀ ਲੋੜ ਹੈ।

**ਜਗੀਰ ਸਿੰਘ ਨੂਰ (ਡਾ.)**
ਸੰਪਰਕ : +91-98142-0973
ਏ-9 ਗਰੀਨ ਪਾਰਕ,ਚਾਹਲ ਨਗਰ, ਜੀ.ਟੀ.ਰੋਡ, ਫਗਵਾੜਾ (ਪੰਜਾਬ)

◆◆◆

## ਨਾਟਕ: ਪੰਜਾਬ ਕੇਸਰੀ ਲਾਲਾ ਲਾਜਪਤ ਰਾਏ



1) ਸੂਤਰਧਾਰ
2) ਮਨਿਆਦੀ ਵਾਲੇ ਦਾ ਦ੍ਰਿਸ਼
3) ਪਿੰਡ ਵਾਸੀ ਆਪਸ ਵਿੱਚ ਗੱਲਬਾਤ ਕਰਦੇ ਹੋਏ ਦਾ ਦ੍ਰਿਸ਼
4) ਲਾਲਾ ਲਾਜਪਤ ਰਾਏ ਜੀ ਨਾਲ ਮੀਟਿੰਗ ਦਾ ਦ੍ਰਿਸ਼
5) ਸੂਤਰਧਾਰ
6) ਸਾਈਮਨ ਕਮਿਸ਼ਨ ਦਾ ਬੰਬੇ ਪ੍ਰਵੇਸ਼ ਹੋਣ ਅਤੇ ਕਾਲੀਆਂ ਝੰਡੀਆਂ ਤੇ ਨਾਅਰੇ ਲਾ ਕੇ ਵਿਰੋਧ ਦਾ ਦ੍ਰਿਸ਼
7) ਸੂਤਰਧਾਰ
8) ਸਾਈਮਨ ਕਮਿਸ਼ਨ ਦਾ ਲਾਹੌਰ ਪਹੰਚਾਉਣਾ ਤੇ ਲਾਲਾ ਲਾਜਪਤ ਰਾਏ ਤੇ ਸਮੇਤ ਸਾਥੀਆਂ ਵੱਲੋਂ ਕਾਲੀਆਂ ਝੰਡੀਆਂ ਤੇ ਨਾਅਰਿਆ ਦਾ ਵਿਰੋਧ ਦਾ ਦ੍ਰਿਸ਼
9) ਭਗਤ ਸਿੰਘ ਦਾ ਦ੍ਰਿਸ਼
10) ਗੀਤ ਮੇਰਾ ਰੰਗ ਦੇ ਬਸੰਤੀ ਚੋਲਾ
11) ਹਸਪਤਾਲ ਦਾ ਦ੍ਰਿਸ਼ (ਲਾਲਾ ਜੀ ਦੀ ਮੌਤ ਹਸਪਤਾਲ ਵਿੱਚ ਹੁੰਦੀ ਹੈ)
12) ਮੌਤ ਦੀ ਖ਼ਬਰ
13) ਫਰੰਗੀ ਸਰਕਾਰ ਦਾ ਦ੍ਰਿਸ਼
14) ਭਗਤ ਸਿੰਘ
15) ਹਾਊਸ ਆਫ਼ ਕਾਮਨਜ਼ ਦਾ ਦ੍ਰਿਸ਼
16) ਅਗਲੀ ਮੀਟਿੰਗ (15-12-1928)
17) ਸਕਾਟ ਦੇ ਦਫ਼ਤਰ ਦਾ ਬਾਹਰਲਾ ਦ੍ਰਿਸ਼

18) ਡੀ.ਏ.ਵੀ ਕਾਲਜ ਦਾ ਦ੍ਰਿਸ਼
19) ਅੰਗੇਰਜ਼ ਪੁਲਿਸ ਦਾ ਦ੍ਰਿਸ਼
20) ਰੇਡੀਓ ਤੋਂ ਖ਼ਬਰ
21) ਸੂਤਰਧਾਰ ਦਾ ਦ੍ਰਿਸ਼
22) ਪਿੰਡ ਦੇ ਵਸਨੀਕਾਂ ਜਾਂ ਆਮ ਲੋਕਾਂ ਦਾ ਆਪਸੀ ਗੱਲਬਾਤ ਦਾ ਦ੍ਰਿਸ਼
23) ਸੂਤਰਧਾਰ
24) ਭਗਤ ਸਿੰਘ ਦਾ ਭੇਸ ਬਦਲ ਕੇ ਨਿਕਲਣਾ
25) ਦੁਰਗਾ ਭਾਬੀ ਦੇ ਘਰ ਦਾ ਦ੍ਰਿਸ਼
26) ਸੂਤਰਧਾਰ
27) ਟਾਂਗੇ ਉੱਤੇ ਸਵਾਰ ਦਾ ਦ੍ਰਿਸ਼
28) ਰੇਲਵੇ ਸਟੇਸ਼ਨ ਅਤੇ ਰੇਲ ਗੱਡੀ ਦੇ ਡੱਬੇ ਦਾ ਦ੍ਰਿਸ਼
29) ਚੰਦਰ ਸ਼ੇਖ ਆਜ਼ਾਦ ਦਾ ਸਾਧੂ ਰੂਪ ਧਾਰਨ ਕਰਨਾ
30) ਹੀਂਗ ਕੀ ਮੰਡੀ ਹਾਊਸ ਆਗਰੇ ਵਿੱਚ ਮੀਟਿੰਗ ਦਾ ਦ੍ਰਿਸ਼
31) ਸੂਤਰਧਾਰ
32) ਅਸੈਂਬਲੀ ਵਿੱਚ ਬੰਬ ਸੁੱਟੇ ਜਾਣ ਦਾ ਦ੍ਰਿਸ਼

ਆਜ਼ਾਦੀ ਦੀ 75ਵੀਂ ਵਰ੍ਹੇਗੰਢ ਨੂੰ ਸਮਰਪਿਤ 'ਪੰਜਾਬ ਕੇਸਰੀ ਲਾਲਾ ਲਾਜਪਤ ਰਾਏ' ਪੰਜਾਬੀ ਨਾਟਕ ਪਹਿਲੀ ਵਾਰ ਛਪਣ ਤੋਂ ਪਹਿਲਾਂ 10/08/2021 ਨੂੰ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਦੇ ਸਭਾ ਭਵਨ ਵਿੱਚ ਪ੍ਰਿੰਸੀਪਲ ਡਾ. ਸਿਮਰਤ ਕੌਰ ਦੀ ਅਗਵਾਈ ਵਿੱਚ ਕਾਲਜ ਦੇ ਵਿਦਿਆਰਥੀਆਂ ਦੁਆਰਾ ਖੇਡਿਆ ਗਿਆ। ਇਸ ਨਾਟਕ ਦਾ ਲੇਖਕ ਡਾ. ਬਲਕਰਨ ਸਿੰਘ ਭਾਗਸਰੀਆ ਅਤੇ ਨਿਰਦੇਸ਼ਕ ਪ੍ਰੋ. ਸੰਦੀਪ ਸਿੰਘ ਅਤੇ ਡਾ. ਸੁਮੀਤ ਸੰਮੀ ਹਨ। ਨਾਟਕ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੇ ਨਾਂ ਏਕਸਦੀਪ ਸਿੰਘ, ਲਾਲਜੀਤ ਸਿੰਘ, ਵਿੱਕੀ ਸਰਾਂਵਾਂ, ਮਮਨੀਤ ਸ਼ਰਮਾਂ, ਜਸਵਿੰਦਰ ਸਿੰਘ, ਮੁੰਨਾ ਸਿੰਘ, ਲਵਪ੍ਰੀਤ ਸਿੰਘ, ਪ੍ਰਭਸਿਮਰਨ ਸਿੰਘ, ਹਰਵਿੰਦਰ ਸਿੰਘ, ਰਮਨਦੀਪ ਸਿੰਘ, ਗਗਨਦੀਪ ਕੌਰ ਅਤੇ ਰਮਨਦੀਪ ਕੌਰ ਨੇ ਅਹਿਮ ਭੂਮਿਕਾ ਨਿਭਾਈ। ਇਹ ਨਾਟਕ ਸਫ਼ਲਤਾ ਪੂਰਵਕ ਖੇਡਿਆ ਗਿਆ। ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਭਰਾਵਾਂ ਹੁੰਗਾਰਾ ਮਿਲਿਆ।

ਸੂਤਰਧਾਰ : ਮੈਂ ਹਿੰਦਸਤਾਨੀ ਹਾਂ, ਮੈਂ ਹਿੰਦਸਤਾਨੀ ਹਾਂ, ਮੈਨੂੰ ਹਿੰਦਸਤਾਨੀ ਅਖਵਾਉਣ ਦਾ ਹੱਕ ਹਿੰਦਸਤਾਨੀ ਯੋਧਿਆਂ ਨੇ ਦਵਾਇਆ ਹੈ। ਉਹਨਾਂ ਯੋਧਿਆਂ ਦੀ ਗੱਲ ਕਰੀਏ, ਇਤਿਹਾਸ ਦਾ ਪੱਤਰਾ-ਪੱਤਰਾ ਗਵਾਹੀ ਭਰਦਾ ਹੈ ਜੋ ਦੇਸ ਦੀ ਖਾਤਰ ਆਪਣਾ ਖੂਨ ਵਹਾਅ ਗਏ, ਆਪਣਾ ਖੂਨ ਵਹਾਅ ਗਏ। ਉਸ ਸਮੇਂ ਦੀ ਗੱਲ ਆ ਜਦੋਂ ਹਿੰਦਸਤਾਨ 'ਤੇ ਹੱਕ ਹਿੰਦਸਤਾਨੀਆਂ ਦਾ ਨਹੀਂ ਸੀ। ਭਾਵ ਚਿੱਟੀ ਚਮੜੀ ਵਾਲੇ ਅੰਗਰੇਜ਼ਾਂ ਦਾ ਬੋਲਾ ਬਾਲਾ ਸੀ। ਹਿੰਦਸਤਾਨੀਆਂ ਦੀ ਕੋਈ ਪ੍ਰਵਾਹ ਨਹੀਂ ਸੀ ਕਰਦਾ ਤੇ ਨਾ ਹੀ ਕਿਸੇ ਹਿੰਦਸਤਾਨੀ ਦੀ ਕਚਿਹਰੀ ਵਿਚ ਕੋਈ ਸੁਣਵਾਈ ਹੁੰਦੀ ਸੀ। ਹਰ ਪਾਸੇ ਅੰਗਰੇਜ਼ਾਂ ਫਰੰਗੀਆਂ ਦਾ ਆਪਣਾ ਹੀ ਬਣਾਇਆ ਹੋਇਆ ਕਾਨੂੰਨ ਸੀ । ਨਾ ਵਕੀਲ, ਨਾ ਦਲੀਲ, ਨਾ ਅਪੀਲ ਪਰ ਇਕ ਗੱਲ ਗੋਰੇਓ ਯਾਦ ਰੱਖਣਾ ਕਦੇ ਨਾ ਭੁੱਲਣਾ ਹਿੰਦਸਤਾਨ ਦੀ ਧਰਤੀ ਗੁਰੂਆਂ, ਪੀਰਾਂ, ਪੈਗੰਬਰਾਂ, ਯੋਧਿਆਂ, ਸੂਰਮਿਆਂ, ਦੇਸ਼ ਭਗਤਾਂ ਦੀ ਧਰਤੀ ਹੈ। ਦੇਸ ਦੀ ਆਜ਼ਾਦੀ ਲੈਣੀ ਇੰਨੀ ਸੌਖੀ ਨਹੀਂ, ਦੇਸ ਨੂੰ ਆਜ਼ਾਦ ਕਰਵਾਉਣ ਲਈ ਬਹੁਤ ਤਸੀਹੇ ਕੁਰਬਾਨੀਆਂ ਦੇਣੀਆਂ ਪਈਆਂ। ਮੈਨੂੰ ਯਾਦ ਆ ਲਾਲਾ ਲਾਜਪਤ ਰਾਏ ਦੀ ਗਾਥਾ ਲਾਲਾ ਲਾਜਪਤ ਰਾਏ ਬਰਤਾਨਵੀ ਜਾਬਰ ਮੂਹਰੇ ਚਟਾਨ ਵਾਂਗੂ ਹਿੱਕ ਡਾਹ ਕੇ ਖੜ੍ਹ ਗਿਆ। ਉਸ ਸਮੇਂ ਆਪਣੇ ਦੇਸ਼ ਵਿੱਚ ਸਾਈਮਨ ਕਮਿਸ਼ਨ ਦਾ ਬਹੁਤ ਰੌਲਾ ਪੈ ਰਿਹਾ ਸੀ।

ਮਨਿਆਦੀ ਵਾਲੇ ਦਾ ਦ੍ਰਿਸ਼ : ਕਾਂਗਰਸ ਨੇ ਵਿਰੋਧ ਕੀਤਾ 1927 ਦੇ ਮਦਰਾਸ ਸ਼ੈਸ਼ਨ ਵਿੱਚ ਇਕ ਮਤਾ ਪਾਸ ਕੀਤਾ। ਸਾਈਮਨ ਕਮਿਸ਼ਨ ਜਿੱਥੇ-ਜਿੱਥੇ ਜਾਵੇ ਉਸ ਦਾ ਵਿਰੋਧ ਕੀਤਾ ਜਾਵੇ। ਕਾਂਗਰਸ ਦੀ ਇਸ ਗੱਲ ਨੂੰ ਹਿੰਦੂ ਮਹਾਂਸਭਾ ਤੇ ਮੁਸਲਮ ਲੀਗ ਨੇ ਵੀ ਸਪੱਸ਼ਟ ਕੀਤਾ।

ਸੁਣੋ ਸੁਣੋ ਸੁਣੋ : ਦੇਸ ਵਾਸੀਓ ਭਾਰਤ ਵਿੱਚ ਸਾਈਮਨ ਕਮਿਸ਼ਨ ਆ ਰਿਹਾ ਹੈ। ਭਾਰਤ ਵਿੱਚ ਸਾਈਮਨ ਕਮਿਸ਼ਨ ਆ ਰਿਹਾ ਹੈ। ਆਪਾ ਸਾਰੇ ਹਿੰਦਸਤਾਨ ਦੇ ਵਾਸੀ ਇੱਕਠੇ ਹੋ ਕੇ ਸਾਈਮਨ ਕਮਿਸ਼ਨ ਦਾ ਵਿਰੋਧ ਕਰਾਂਗੇ। ਇਸ ਵਿਰੋਧ ਦੀ ਆਗਵਾਈ ਲਾਲਾ ਲਾਜਪਤ ਰਾਏ ਜੀ ਕਰਨਗੇ।

ਸੁਣੋ ਸੁਣੋ ਸੁਣੋ : ਹਰ ਆਮ ਤੇ ਖਾਸ ਨੂੰ ਸੂਚਤ ਕੀਤਾ ਜਾਂਦਾ ਹੈ, ਹਿੰਦਸਤਾਨ ਵਿੱਚ ਜਿੱਥੇ ਵੀ ਸਾਈਮਨ ਕਮਿਸ਼ਨ ਆਵੇ ਉੱਥੇ ਸਾਈਮਨ ਕਮਿਸ਼ਨ ਦਾ ਵਿਰੋਧ ਕਰਨਾ ਹੈ। ਇਸ ਵਿਰੋਧ ਦੀ ਅਗਵਾਈ ਲਾਲਾ ਲਾਜਪਤ ਰਾਏ ਕਰ ਰਹੇ ਹਨ।

ਹਿੰਦਸਤਾਨੀ ਪਾਤਰ :

ਪਹਿਲਾ ਪਾਤਰ : ਬਾਈ ਸਾਈਮਨ ਕਮਿਸ਼ਨ ਕੀ ਬਲਾ?

ਹਿੰਦਸਤਾਨੀ ਪਾਤਰ :

ਪਹਿਲਾ ਪਾਤਰ : ਬਾਈ ਸਾਈਮਨ ਕਮਿਸ਼ਨ ਕੀ ਬਲਾ ?

ਦੂਜਾ ਪਾਤਰ : ਹਾਂ, ਬਈ ਸਾਈਮਨ ਕਮਿਸ਼ਨ ਕੀ ਆ ?

ਤੀਸਰਾ ਪਾਤਰ : ਤੁਹਾਨੂੰ ਸਾਈਮਨ ਕਮਿਸ਼ਨ ਬਾਰੇ ਨਹੀਂ ਪਤਾ ਬਈ ਸਾਈਮਨ ਕਮਿਸ਼ਨ ਅੰਗਰੇਜ਼ਾਂ ਦੁਆਰਾ ਬਣਾਇਆ ਹੋਇਆ 7 ਮੈਂਬਰੀ ਕਮਿਸ਼ਨ ਹੈ। ਇਸ ਕਮਿਸ਼ਨ ਵਿਚ ਆਪਣੇ ਹਿੰਦਸਤਾਨ ਦਾ ਇਕ ਵੀ ਮੈਂਬਰ ਸ਼ਾਮਲ ਨਹੀਂ ਕੀਤਾ।

ਚੌਥਾ ਪਾਤਰ : ਇਹ ਤਾਂ ਬਹੁਤ ਮਾੜੀ ਗੱਲ ਆ, ਗੋਰੇ ਆਪਣੇ ਹਿੰਦਸਤਾਨੀਆਂ ਨਾਲ ਸ਼ਰੇਆਮ ਧੱਕਾ ਕਰ ਰਹੇ ਹਨ।

ਪੰਜਵਾਂ ਪਾਤਰ : ਹੁਣ ਕੀ ਕਰੀਏ,

ਪਾਤਰ : ਆਪਾ ਲਾਲਾ ਜੀ ਕੋਲ ਚੱਲੀਏ, ਉਹ ਹੱਲ ਕੱਢਣਗੇ।

ਪਾਤਰ : ਹਾਂ, ਹਾਂ, ਪਹਿਲਾਂ ਲਾਲਾ ਜੀ ਨੇ ਕਿਸਾਨੀ ਅੰਦੋਲਨ ਵਿੱਚ ਵੀ ਬਹੁਤ ਯੋਗਦਾਨ ਪਾਇਆ ਸੀ। ਉਹ ਕ੍ਰਾਂਤੀਕਾਰੀ ਯੋਧਾ, ਉਹ ਇਹਨਾਂ ਫਰੰਗੀਆਂ ਦੀ ਕੂਟਨੀਤੀ ਦਾ ਹੱਲ ਕੱਢਣਗੇ। ਚੱਲੋਂ ਲਾਲਾ ਜੀ ਕੋਲ ਚੱਲੀਏ।

ਲਾਲਾ ਲਾਜਪਤ ਰਾਏ ਨਾਲ ਮੀਟਿੰਗ ਦਾ ਦ੍ਰਿਸ਼ : ਲਾਲਾ ਲਾਜਪਤ ਰਾਏ ਆਪਣੇ ਸਾਥੀਆਂ ਨਾਲ ਮੀਟਿੰਗ ਕਰ ਰਹੇ ਹਨ। ਉਹ ਹਿੰਦਸਤਾਨ ਦੇ ਵਾਸੀਆਂ ਨੂੰ ਦਸ ਰਹੇ ਹਨ। ਆਪਾਂ ਸਾਰੇ ਹਿੰਦਸਤਾਨ ਦੇ ਵਸਨੀਕ ਹਾਂ ਭਾਵੇਂ ਹਿੰਦੂ ਹੋਵੇ ਭਾਵੇਂ ਮੁਸਲਮਾਨ ਆਪਾਂ ਭਾਈਚਾਰਕ ਸਾਂਝ ਨੂੰ ਕਾਇਮ ਰੱਖਣਾ ਹੈ। ਫਰੰਗੀਆਂ ਦੀ ਮਾੜੀ ਸੋਚ ਹੈ ਜੋ ਆਪਣੇ ਦੇਸ ਵਿੱਚ ਫੁੱਟ ਪਾ ਕੇ ਰਾਜ ਕਰ ਰਹੇ ਹਨ। ਉਹ ਹਿੰਦੂ ਤੇ ਮੁਸਲਮਾਨ ਭਰਾਵਾਂ ਨੂੰ ਪਾੜ ਰਹੇ ਹਨ ਭਾਵ ਪਾੜੋ ਤੇ ਰਾਜ ਕਰੋ ਦੀ ਨੀਤੀ ਆਪਨਾ ਰਹੇ ਹਨ ਪਰ ਆਪਾ ਸਾਰੇ ਹਿੰਦਸਤਾਨ ਦੇ ਵਾਸੀਆ ਨੇ ਇੱਕਠੇ ਹੋਕੇ ਗੋਰੇਆਂ ਦੀ ਇਸ ਕੂਟ ਨੀਤੀ ਦਾ ਵਿਰੋਧ ਕਰਨਾ ਹੈ ਤੇ ਇਹਨਾਂ ਫਰੰਗੀਆਂ ਨੂੰ ਦੇਸ ਵਿੱਚੋਂ ਕੱਢ ਕੇ ਹੀ ਛੱਡਣਾ ਹੈ। ਭਾਵੇਂ ਆਪਾਂ ਨੂੰ ਖੂਨ ਕਿਉਂ ਨਾ ਵਹਾਣਾ ਪੈ ਜਾਵੇਂ। ਆਪਾਂ ਨੂੰ ਆਪਣੀਆਂ ਜਾਨਾਂ ਕਿਉਂ ਨਾ ਕੁਰਬਾਨ ਕਰਨੀਆਂ ਪੈਣ।

ਸਾਥੀ ਬੋਲਦੇ ਹਨ : ਹਾਂ, ਹਾਂ, ਅਸੀਂ ਤਿਆਰ, ਹਾਂ ਹਾਂ, ਅਸੀਂ ਤਿਆਰ

ਕੁਝ ਸਾਥੀ ਮੀਟਿੰਗ



ਵਿਚ ਸ਼ਾਮਲ ਹੁੰਦੇ ਹੋਏ: ਲਾਲਾ ਲਾਜਪਤ ਰਾਏ ਜੀ ਭਾਸ਼ਣ ਦੇ ਰਹੇ ਹਨ ਉੱਧਰੋਂ ਦੂਸਰੇ ਸਾਥੀ ਘਬਰਾਏ ਹੋਏ ਪਹੁੰਚਦੇ ਹੋਏ ਪੁੱਛਦੇ ਹਨ।

ਪਾਤਰ : ਲਾਲਾ ਜੀ ਆ ਸਾਈਮਨ ਕਮਿਸ਼ਨ ਕੀ ਆ ? ਸਾਰੇ ਪਾਸੇ ਸਾਈਮਨ ਕਮਿਸ਼ਨ ਦਾ ਰੋਲਾ ਪਿਆ ਹੋਇਆ ਹੈ।

ਲਾਲਾ ਲਾਜਪਤ ਰਾਏ : ਹਾਂ, ਹਾਂ, ਮੈਨੂੰ ਪਤਾ ਇਹ ਸਾਈਮਨ ਕਮਿਸ਼ਨ ਅੰਗਰੇਜ਼ਾਂ ਦੁਆਰਾ ਬਣਾਇਆ ਹੋਇਆ ਸੱਤ ਮੈਂਬਰੀ ਕਮਿਸ਼ਨ ਹੈ ਜੋ ਆਪਣੇ ਹਿੰਦਸਤਾਨੀਆਂ ’ਤੇ ਜਬਰਦਸਤੀ ਥੋਪਣ ਨੂੰ ਫਿਰਦੇ ਹਨ। ਮੈਨੂੰ ਉਦੋਂ ਇਹਨਾ ਫਰੰਗੀਆਂ ਦੀ ਕੂਟ ਨੀਤੀ ਦਾ ਪਤਾ ਲੱਗ ਚੁੱਕਾ ਸੀ ਜਦੋਂ ਇਸ ਕਮਿਸ਼ਨ ਵਿੱਚ ਇਕ ਵੀ ਭਾਰਤੀ ਮੈਂਬਰ ਸ਼ਾਮਲ ਨਹੀਂ ਕੀਤਾ ਤਾਂ ਉਹ ਹਿੰਦਸਤਾਨ ਵਿੱਚ ਆਪਣੀ ਮਨ ਮਰਜੀ ਚਲਾ ਸਕਣ। ਇੰਗਲੈਂਡ ਦੀ ਧਰਤੀ ਉੱਤੇ ਰਹਿਣ ਵਾਲੇ ਗੋਰੇਆਂ ਨੂੰ ਹਿੰਦਸਤਾਨ ਦੀ ਧਰਤੀ ’ਤੇ ਰਹਿ ਲੋਕਾਂ ਦੀਆਂ ਮੁਸ਼ਕਲਾਂ ਬਾਰੇ ਕੁੱਝ ਨਹੀਂ ਪਤਾ ਹੁੰਦਾ। ਹਿੰਦਸਤਾਨੀ ਦਾ ਦਰਦ ਇੱਕ ਹਿੰਦਸਤਾਨੀ ਹੀ ਜਾਣ ਸਕਦਾ ਹੈ। ਬੇਗਾਨੇ ਦੇਸ ਵਾਲੇ ਜੋ ਸਦੀਆਂ ਤੋਂ ਹਿੰਦਸਤਾਨ ਦੀ ਧਰਤੀ ’ਤੇ ਰਹਿਣ ਵਾਲੇ ਲੋਕਾਂ ਉੱਤੇ ਰਾਜ ਕਰ ਹਨ। ਉਹ ਭਾਵੇਂ ਕਿਵੇਂ ਆਪਣੇ ਦੇਸ ਦਾ ਭਲਾ ਕਰ ਸਕਣਗੇ ਜੋ ਸਾਨੂੰ ਗੁਲਾਮ ਬਣਾ ਕੇ ਰੱਖਣਾ ਚਾਹੁੰਦੇ ਹਨ।

ਪਾਤਰ : ਲਾਲਾ ਜੀ ਹੁਣ ਕੀ ਕਰੀਏ ?

ਦੂਸਰੇ ਪਾਤਰ : ਹਾ, ਲਾਲਾ ਜੀ ਹੁਣ ਆਪਾ ਨੂੰ ਕੀ ਕਰਨਾ ਪਵੇਗਾ

ਲਾਲਾ ਲਾਜਪਤ ਰਾਏ : ਆਪਾ ਸਾਰੇ ਹਿੰਦਸਤਾਨੀ ਵਾਸੀਆਂ ਨੂੰ ਇੱਕਠੇ ਹੋ ਕੇ ਇਹਨਾਂ ਚਿੱਟੀ ਚਮੜੀ ਵਾਲੇ ਗੋਰੇਆਂ ਦਾ ਡੱਟ ਕੇ ਵਿਰੋਧ ਕਰਨਾ ਪਵੇਗਾ ਭਾਵੇਂ ਸਾਨੂੰ ਆਪਣਾ ਖੂਨ ਕਿਉਂ ਨਾ ਵਹਾਉਣਾ ਪਵੇ। ਜੋਨ ਸਾਈਮਨ 7 ਮੈਂਬਰੀ ਕਮੇਟੀ ਨਾਲ 4 ਫਰਵਰੀ 1928 ਨੂੰ ਬੰਬੇ ਪ੍ਰਵੇਸ਼ ਕਰ ਰਿਹਾ ਹੈ। ਬੰਬੇ ਦੇ ਲੋਕ ਪਹਿਲਾਂ ਹੀ ਇਸ ਦੇ ਵਿਰੋਧ ਲਈ ਤਿਆਰੀਆਂ ਕਸੀ ਬੈਠੇ ਹਨ। ਸਾਥੀਓ, ਉਸ ਤੋਂ ਬਾਅਦ ਉਸ ਨੇ 03 ਅਕਤੂਬਰ 1928 ਨੂੰ ਲਾਹੌਰ ਆਉਣਾ ਹੈ। ਸਾਥੀਓ ਆਪਾਂ ਵੀ ਸਾਰਿਆਂ ਨੇ ਇਕੱਠੇ ਹੋ ਕੇ ਡਟ ਕੇ ਸਾਈਮਨ ਕਮਿਸ਼ਨ ਦਾ ਵਿਰੋਧ ਕਰਾਂਗੇ। ਲਾਹੌਰ ਵਿੱਚ ਜੋਨ ਸਾਈਮਨ ਆਪਣੇ ਸਾਥੀਆਂ ਨਾਲ ਆ ਰਿਹਾ ਹੈ। ਆਪਾਂ ਸਾਰੇ ਇਕੱਠੇ ਹੋ ਕੇ ਸਾਈਮਨ ਕਮਿਸ਼ਨ ਦਾ ਡੱਟ ਕੇ ਵਿਰੋਧ ਕਰਾਂਗੇ।

ਸੂਤਰਧਾਰ : ਜੋਨ ਸਾਈਮਨ ਦਾ ਥਾਂ ਥਾਂ 'ਤੇ ਵਿਰੋਧ ਹੋਣ ਲੱਗਾ ਸਭ ਤੋਂ ਪਹਿਲਾ ਜੋਨ ਸਾਈਮਨ ਆਪਣੇ ਸਾਥੀਆਂ ਨਾਲ ਬੰਬਈ ਆਇਆ ਤਾਂ ਭਾਰਤ ਵਾਸੀਆਂ ਨੇ ਉਸ ਦਾ ਕਾਲੀਆਂ ਝੰਡੀਆਂ ਨਾਲ ਵਿਰੋਧ ਕੀਤਾ। ਹੁਣ ਜੋਨ ਸਾਈਮਨ ਹਿੰਦਸਤਾਨ ਦੇ ਜਿਸ ਵੀ ਰਾਜ ਵਿਚ ਜਾਂਦਾ ਤਾਂ ਭਾਰਤ ਵਾਸੀ ਉਸ ਦਾ ਡਟ ਕੇ ਵਿਰੋਧ ਕਰਦੇ। ਵਿਰੋਧ ਦੀ ਇਹ ਚੰਗਿਆੜੀ ਬੰਬਈ ਤੋਂ ਲੈ ਕੇ ਭਾਰਤ ਦੇ ਕੋਨੇ-ਕੋਨੇ ਵਿਚ ਫੈਲ ਗਈ।

ਜੋਨ ਸਾਈਮਨ ਕਮਿਸ਼ਨ ਦਾ ਬੰਬੇ ਪ੍ਰਵੇਸ਼ ਕਰਨਾ : ਹਿੰਦਸਤਾਨ ਦੇ ਸਾਥੀਆਂ ਵੱਲੋਂ ਵਿਰੋਧ ਕਰਨਾ 'ਸਾਈਮਨ ਕਮਿਸ਼ਨ ਵਾਪਸ ਜਾਉ, ਸਾਈਮਨ ਕਮਿਸ਼ਨ ਵਾਪਸ ਜਾਉ' ਦੇ ਨਾਅਰੇ ਤੇ ਕਾਲੀਆਂ ਝੰਡੀਆਂ ਦਿਖਾਉਣਾ।

ਜੋਨ ਸਾਈਮਨ ਕਮਿਸ਼ਨ ਨੇ ਆਪਣੇ ਸਿਪਾਹੀ ਨੂੰ ਪੁੱਛਣਾ: ਸਿਪਾਹੀ ਯੇ ਸ਼ੋਰ ਕੈਸਾ ਪੜ ਰਹਾ ਹੈ।

ਸਿਪਾਹੀ ਦਾ ਦੱਸਣਾ : ਇਹ ਇਸ ਕਰਕੇ ਵਿਰੋਧ ਕਰ ਰਹੇ ਹਨ ਕਿ ਹਿੰਦਸਤਾਨ ਦਾ ਕੋਈ ਵੀ ਮੈਂਬਰ ਇਸ ਕਮਿਸ਼ਨ ਵਿਚ ਸ਼ਾਮਲ ਨਹੀਂ ਕੀਤਾ।

ਜੋਨ ਸਾਈਮਨ : ਹਿੰਦਸਤਾਨੀ ਇਤਨੇ ਕਾਬਲ ਨਹੀਂ ਕਿ ਉਹ ਆਪਣਾ ਕਾਨੂੰਨ ਬਣਾ ਸਕੇ।

ਹਿੰਦਸਤਾਨੀ : ਸਾਈਮਨ ਕਮਿਸ਼ਨ ਵਾਪਸ ਜਾਓ।
ਸਾਈਮਨ ਕਮਿਸ਼ਨ ਵਾਪਸ ਜਾਓ।

ਜੋਨ ਸਾਈਮਨ : ਸਿਪਾਹੀ, ਚੱਲੋ ਲਾਹੌਰ ਨੂੰ

ਸੂਤਰਧਾਰ : ਹੁਣ ਜੋਨ ਸਾਈਮਨ ਆਪਣੇ ਸਾਥੀਆਂ ਨਾਲ ਲਾਹੌਰ ਪਹੁੰਚ ਰਿਹਾ ਹੈ, ਦੂਸਰੇ ਪਾਸੇ ਲਾਲਾ ਲਾਜਪਤ ਰਾਏ ਵੀ ਆਪਣੇ ਸਾਥੀਆਂ ਨਾਲ ਸਾਈਮਨ ਕਮਿਸ਼ਨ ਦੇ ਵਿਰੋਧ ਵਿੱਚ ਪਹਿਲਾਂ ਹੀ ਮੀਟਿੰਗਾਂ ਕਰ ਚੁੱਕੇ ਹਨ। ਲਾਲਾ ਜੀ ਆਪਣੇ ਜਥੇ ਸਮੇਤ ਰੇਲਵੇ ਸਟੇਸ਼ਨ ਵੱਲ ਸਾਈਮਨ ਕਮਿਸ਼ਨ ਦਾ ਵਿਰੋਧ ਕਰਨ ਚੱਲ ਪਏ।

ਜੋਨ ਸਾਈਮਨ ਕਮਿਸ਼ਨ ਦਾ ਆਪਣੇ ਸਾਥੀਆਂ ਨਾਲ ਲਾਹੌਰ ਪਹੁੰਚਣਾ :
ਲਾਲਾ ਲਾਜਪਤ ਰਾਏ ਤੇ ਉਸਦੇ ਸਾਥੀਆਂ ਨਾਲ ਟੱਕਰ ਦਾ ਦ੍ਰਿਸ਼:
ਲਾਹੌਰ ਵਿਚ ਸਾਈਮਨ ਕਮਿਸ਼ਨ ਪਹੁੰਚਣ ਤੇ ਲਾਲਾ ਲਾਜਪਤ ਰਾਏ 'ਤੇ ਉਸ ਦੇ ਸਾਥੀਆਂ ਸਮੇਤ ਕਾਲੀਆਂ ਝੰਡੀਆਂ ਨਾਲ ਵਿਰੋਧ ਕਰਨਾ।



ਸਾਈਮਨ ਕਮਿਸ਼ਨ ਵਾਪਸ ਜਾਓ,
ਸਾਈਮਨ ਕਮਿਸ਼ਨ ਵਾਪਸ ਜਾਓ

ਜੋਨ ਸਾਈਮਨ : ਰੁਕ ਜਾਵੋ, ਰੁਕ ਜਾਵੋ , ਜਾਵੋ ਇੱਥੋਂ ਚੱਲੇ ਜਾਵੋ।

ਲਾਲਾ ਜੀ ਆਪਣੇ ਨਾਲ ਸਮੇਤ ਸਾਥੀਆਂ : ਸਾਈਮਨ ਕਮਿਸ਼ਨ ਵਾਪਿਸ ਜਾਉ,
ਸਾਈਮਨ ਕਮਿਸ਼ਨ ਵਾਪਿਸ ਜਾਓ
ਸਾਈਮਨ ਕਮਿਸ਼ਨ, ਹਾਏ , ਹਾਏ
ਸਾਈਮਨ ਕਮਿਸ਼ਨ, ਹਾਏ, ਹਾਏ
ਭਾਰਤ ਮਾਤਾ ਦੀ ਜੈ
ਭਾਰਤ ਮਾਤਾ ਦੀ ਜੈ
ਵੰਦੇ ਮਾਂਤਰਮ
ਵੰਦੇ ਮਾਂਤਰਮ

ਭਗਤ ਸਿੰਘ ਰੋਹਬ ਵਿਚ ਬੋਲਦਾ:
ਹਿੰਦਸਤਾਨੀ ਹੈ ਹਮ, ਹਿੰਦਸਤਾਨ ਹਮਾਰਾ
ਮੁੜ ਜਾਓ ਸਾਈਮਨ, ਯਹਾ ਕਿਆ ਹੈ ਤੁਮਹਾਰਾ।

ਸਾਥੀ ਬੋਲਦੇ ਹਨ :
ਸਾਈਮਨ ਕਮਿਸ਼ਨ ਵਾਪਸ ਜਾਓ
ਸਾਈਮਨ ਕਮਿਸ਼ਨ ਵਾਪਸ ਜਾਓ

ਜੋਨ ਸਾਈਮਨ : ਮੈਂ ਆਖਦਾ ਰੁਕ ਜਾਵੋਂ ਸਾਨੂੰ ਲਾਠੀਆਂ ਚੁੱਕਣ ਲਈ ਮਜ਼ਬੂਰ ਨਾ ਕਰੋ। ਉਹ ਚਾਹੁੰਦਾ ਸੀ ਕਿ ਜਲੂਸ ਪਿੱਛੇ ਮੁੜ ਜਾਵੇ।

ਲਾਲਾ ਲਾਜਪਤ ਰਾਏ: ਲਾਲਾ ਲਾਜਪਤ ਰਾਏ ਇਸ ਜਲੂਸ ਦੀ ਅਗਵਾਈ ਕਰ ਰਹੇ ਸਨ ਉਨ੍ਹਾਂ ਨੇ ਪਿੱਛੇ ਮੋੜਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਪੁਲਿਸ ਨੇ ਲਾਠੀ ਚਾਰਜ ਸ਼ੁਰੂ ਕਰ ਦਿੱਤਾ ਤੇ ਮਿ. ਸਕਾਟ ਨੇ ਆਪ ਆਪਣੇ ਹੱਥੀ ਡਾਂਗ ਫੜ ਕੇ ਵਰ੍ਹਾਉਣੀ ਸ਼ੁਰੂ ਕਰ ਦਿੱਤੀ। ਭਾਰਤੀਆਂ ਦਾ ਖ਼ੂਨ ਚੂਸਣ ਵਾਲੇ ਗੋਰੇ ਕੀੜਿਓ ਤੁਹਾਨੂੰ ਇਹ ਵਹਿਮ ਹੋਣਾ ਕਿ ਤੁਹਾਡੀਆਂ ਲਾਠੀਆਂ ਨਾਲ ਸਾਡਾ ਸੰਘਰਸ਼ ਮੱਧਮ ਪੈ ਜਾਵੇਗਾ ਪਰ ਨਹੀਂ ਇਹ ਹੋਰ ਤੇਜ ਹੋਵੇਗਾ। ਇਹ ਸੰਘਰਸ਼ ਉਸ ਸਮੇਂ ਤੱਕ ਚੱਲਦਾ ਰਹੇਗਾ ਜਦ ਤਕ ਸਾਡਾ ਹਿੰਦੁਸਤਾਨ ਆਜ਼ਾਦ ਨਹੀਂ ਹੁੰਦਾ।
ਸਾਈਮਨ ਕਮਿਸ਼ਨ ਵਾਪਸ ਜਾਓ
ਸਾਈਮਨ ਕਮਿਸ਼ਨ ਵਾਪਸ ਜਾਓ

ਜੋਨ ਸਾਈਮਨ : ਸਿਪਾਹੀ ਇਸ ਬੁੱਢੇ ਪਰ ਲਾਠੀਚਾਰਜ ਕੀਆ ਜਾਏ। ਸਕਾਟ ਤੇਜੀ ਨਾਲ ਲਾਠੀ ਚੁੱਕ ਕੇ ਆਪ ਵਰਾਉਣ ਲੱਗ ਜਾਂਦਾ ਹੈ। ਲਾਲਾ ਜੀ ਦੇ ਅੰਗਰੇਜ਼ ਸਿਪਾਹੀਆਂ ਅਤੇ ਸਕਾਟ ਦੁਆਰਾ ਸਿਰ ਉੱਪਰ ਲਾਠੀਆਂ ਮਾਰੀਆਂ।

ਭਗਤ ਸਿੰਘ : ਭਗਤ ਸਿੰਘ ਸਕਾਟ ਦੁਆਰਾ ਮਾਰੀਆਂ ਗਈਆ ਲਾਠੀਆਂ ਨੂੰ ਦੇਖ ਕੇ ਬੋਲਦਾ ਹੈ ਸਕਾਟ, ਸਕਾਟ ਤੇ ਲਾਲਾ ਜੀ ਨੂੰ ਸੰਭਾਲਣ ਲੱਗਦਾ ਹੈ।

ਲਾਲਾ ਲਾਜਪਤ ਰਾਏ ਜਖ਼ਮੀ ਹੁੰਦੇ ਹੋਏ : ਮੇਰੇ ਸਿਰ 'ਤੇ ਵੱਜੀ ਇੱਕ-ਇੱਕ ਲਾਠੀ ਅੰਗਰੇਜ਼ ਸਰਕਾਰ ਦੇ ਤਾਬੂਤ ਵਿਚ ਆਖਰੀ ਕਿੱਲ ਦਾ ਕੰਮ ਕਰੇਗੀ।

ਭਗਤ ਸਿੰਘ ਪੂਰੇ ਰੋਹਬ ਵਿਚ ਬੋਲਦਾ ਹੈ : ਲਾਲਾ ਲਾਜਪਤ ਰਾਏ ਜੀ ਦੇ ਸਿਰ ਉੱਪਰ ਵੱਜੀ ਇਕ-ਇਕ ਲਾਠੀ ਦਾ ਅੰਗਰੇਜ਼ ਸਰਕਾਰ ਨੂੰ ਹਿਸਾਬ ਦੇਣਾ ਪਵੇਗਾਂ। ਅਸੀਂ ਸਾਰੇ ਅੰਗਰੇਜ਼ੀ ਹਕੂਮਤ ਦੀ ਇੱਟ ਨਾਲ ਇੱਟ ਖੜਕਾ ਦੇਵਾਂਗੇ। ਅਸੀਂ ਦੇਸ ਦੀ ਆਜ਼ਾਦੀ ਲਈ ਸਿਰ ਧੜ ਦੀ ਬਾਜੀ ਲਾ ਦਿਆਗੇ। ਅਸੀਂ ਹਿੰਦਸਤਾਨ ਵਾਸੀ ਆਪਣੇ ਆਖਰੀ ਸਾਹ ਤੱਕ ਅੰਗਰੇਜ਼ਾ ਨਾਲ ਲੜਦੇ ਰਹਾਂਗੇ ਜਦ ਤੱਕ ਸਾਡਾ ਹਿੰਦਸਤਾਨ ਆਜ਼ਾਦ ਨਹੀਂ ਹੁੰਦਾ। ਅਸੀਂ ਹਿੰਦੁਸਤਾਨ ਨੂੰ ਆਜ਼ਾਦ ਕਰਾਕੇ ਹੀ ਸਾਹ ਲਵਾਂਗੇ।

ਹਿੰਦੁਸਤਾਨ ਜ਼ਿੰਦਾਬਾਦ

ਹਿੰਦੁਸਤਾਨ ਜ਼ਿੰਦਾਬਾਦ

ਇਨਕਲਾਬ ਜ਼ਿੰਦਾਬਾਦ

ਇਨਕਲਾਬ ਜ਼ਿੰਦਾਬਾਦ

ਇਸ ਤਰ੍ਹਾਂ ਸਾਰਾ ਹਿੰਦਸਤਾਨ ਇਨਕਲਾਬ ਦੇ ਨਾਅਰਿਆਂ ਨਾਲ ਗੂੰਜ਼ ਉੱਠਦਾ ਹੈ।

ਹਸਪਤਾਲ ਵਿੱਚ ਲਾਲਾ ਜੀ ਦਾ ਚਲਾਨਾ ਕਰ ਜਾਣਾ : ਲਾਲਾ ਜੀ ਨੂੰ ਹਸਪਤਾਲ ਵਿੱਚ ਪਹੁੰਚਾਇਆ ਗਿਆ ਅਤੇ ਆਖਰ ਲਾਲਾ ਜੀ ਮਿਤੀ 17.9.1928 ਨੂੰ ਚਲਾਣਾ ਕਰ ਗਏ।

ਲਾਲਾ ਜੀ ਦੀ ਮੌਤ ਦੀ ਖ਼ਬਰ ਸਾਰੇ ਹਿੰਦੁਸਤਾਨ ਵਿੱਚ ਅੱਗ ਵਾਂਗ ਫੈਲ ਗਈ। ਹਿੰਦੁਸਤਾਨੀ ਯੋਧਿਆਂ ਦਾ ਖੂਨ ਉਬਾਲਾ ਖਾਣ ਲੱਗਾ ਅਤੇ ਉਹ ਲਾਲਾ ਜੀ ਦੀ ਮੌਤ ਦਾ



ਬਦਲਾ ਲੈਣ ਦੀ ਸੰਹੁ ਖਾਣ ਲੱਗੇ।

ਫਰੰਗੀ ਸਰਕਾਰ : ਫਰੰਗੀ ਸਰਕਾਰ ਨੇ ਲਾਲਾ ਜੀ ਦੀ ਹੋਈ ਮੌਤ ਦੀ ਜਿੰਮੇਵਾਰੀ ਤੋਂ ਨਾਹ ਕਰ ਦਿੱਤੀ। ਮਿ. ਵੈਜਵੁਡ ਦੇ ਇਕ ਪ੍ਰਸ਼ਨ ਦੇ ਉੱਤਰ ਵਿੱਚ ਅੰਡਰ ਸੈਕਟਰੀ ਫਾਰ ਸਟੇਟ ਫਾਰ ਇੰਡੀਆਂ ਮਿ. ਅਰਲ ਵਿੰਟਰਟਰਨ ਨੇ ਹਾਊਸ ਆਫ਼ ਕਾਮਨਜ਼ ਵਿੱਚ ਕਿਹਾ, ਇਸ ਗੱਲ ਦਾ ਕੋਈ ਸਬੂਤ ਨਹੀਂ ਦਿੱਤਾ ਗਿਆ ਕਿ ਲਾਲਾ ਲਾਜਪਤ ਰਾਏ ਦੀ ਮੌਤ ਮੌਕੇ ਤੇ ਲੱਗੀਆਂ ਸੱਟਾਂ ਕਾਰਨ ਹੋਈ ਹੈ।"

ਭਗਤ ਸਿੰਘ ਸਮੇਤ ਸਾਥੀ: ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਨਾਅਰਾ ਲਾਇਆ 'ਖੂਨ ਦਾ ਬਦਲਾ ਖੂਨ' ਇਕ ਪੰਜਾਬ ਕੇਸਰੀ ਦਾ ਬਦਲਾ ਦਸ ਗੋਰੇ ਮਾਰ ਕੇ ਲਵਾਂਗੇ।

ਹਾਊਸ ਆਫ਼ ਕਾਮਨਜ਼ ਦਾ ਦ੍ਰਿਸ਼ : ਅੰਡਰ ਸੈਕਟਰੀ ਬੋਲਦਾ ਹੈ, "ਕਿਸੇ ਵੀ ਸਰਕਾਰ ਨੂੰ ਜਦੋਂ ਭੀੜ ਉੱਤੇ ਕਾਬੂ ਪਾਉਣ ਲਈ ਤਾਕਤ ਦੀ ਵਰਤੋਂ ਕਰਨ'ਤੇ ਮਜਬੂਰ ਹੋਣਾ ਪਏ ਤਾਂ ਕਿਸੇ ਆਮ ਜਾਂ ਕਿਸੇ ਖ਼ਾਸ ਹਸਤੀ ਦੇ ਸੰਬੰਧੀਆਂ ਕੋਲੋਂ ਮਾਫ਼ੀ ਮੰਗਣ ਦੀ ਲੋੜ ਨਹੀਂ।"

ਰਾਤ ਦਾ ਦ੍ਰਿਸ਼ (10.12.1928) ਸ਼ੋਸਲਿਸਟ ਰੀਪਬਲੀਕਨ ਆਰਮੀ ਦੇ ਕਾਰਕੁਨਾਂ ਦੀ ਮੀਟਿੰਗ 10.12.1928 ਦੀ ਰਾਤ ਨੂੰ ਲਾਹੌਰ ਹੋਈ। ਇਸ ਮੀਟਿੰਗ ਵਿੱਚ ਭਗਤ ਸਿੰਘ, ਕਿਸ਼ੋਰੀ ਲਾਲ, ਮਹਾਂਵੀਰ ਸਿੰਘ, ਚੰਦਰ ਸ਼ੇਖਰ ਆਜ਼ਾਦ, ਰਾਜਗੁਰੂ, ਸੁਖਦੇਵ, ਜੈ ਗੋਪਾਲ ਤੇ ਦੁਰਗਾਦੇਵੀ ਸ਼ਾਮਲ ਹੋਏ। ਭਗਤ ਸਿੰਘ ਨੇ ਆਖਿਆ, " ਦੇਸ਼ ਵਿਚ ਹਰ ਪਾਸੇ ਬੇਚੈਨੀ ਹੈ। ਬੰਗਾਲ ਦੀ ਪਾਰਟੀ ਨੇ ਵਧੇਰੇ ਕੰਮ ਕੀਤਾ ਹੈ। ਉਨ੍ਹਾਂ ਕੁੱਝ ਹਾਕਮ ਸੋਧ ਦਿੱਤੇ। ਡਰਦੇ ਕਈ ਗੋਰੇ ਆਪਣੇ ਟੱਬਰਾਂ ਨੂੰ ਵਲੈਤ ਭੇਜਣ ਲੱਗ ਪਏ ਹਨ। ਲਾਲਾ ਜੀ ਦੀ ਮੌਤ ਨੇ ਕਾਂਗਰਸੀਆਂ ਵਿੱਚ ਹਿੱਲ-ਜੁੱਲ ਪਾ ਦਿੱਤੀ।

ਚੰਦਰ ਸ਼ੇਖਰ : ਇਸ ਮੀਟਿੰਗ ਦੀ ਪ੍ਰਧਾਨਗੀ ਚੰਦਰ ਸ਼ੇਖਰ ਜੀ ਕਰ ਰਹੇ ਸਨ। ਉਸ ਨੇ ਆਪਣੇ ਵਿਖਿਆਨ ਵਿੱਚ ਕਿਹਾ, ਸਾਥੀਓ ਅਸੀਂ ਬਰਤਾਨਵੀ ਸਾਮਰਾਜ ਵਿਰੁੱਧ ਆਜ਼ਾਦੀ ਦੀ ਲੜਾਈ ਲੜ ਰਹੇ ਹਾਂ। ਵੈਰੀ ਪਾਸ ਬੇਓੜਕ ਸੈਨਾ ਅਤੇ ਹਥਿਆਰ ਹਨ ਪਰ ਉਸ ਦੇ ਟਾਕਰੇ ਲਈ ਸਾਡੇ ਪਾਸ ਕੁਰਬਾਨੀ ਦਾ ਜਜ਼ਬਾ ਅਤੇ ਲੋਕ ਰਾਏ ਦੀ ਮਹਾਨ ਸ਼ਕਤੀ

ਹੈ। ”

ਭਗਤ ਸਿੰਘ : ਆਜ਼ਾਦ ਜੀ ਦੇ ਸ਼ਬਦਾਂ ਦੀ ਪ੍ਰੋੜਤਾ ਵਿੱਚ ਭਗਤ ਸਿੰਘ ਨੇ ਫੇਰ ਕਿਹਾ, ”ਇਕ ਸਕਾਟ ਹੀ ਨਹੀਂ ਸਾਨੂੰ ਕਈ ਗੋਰੇ ਮਾਰਨੇ ਪੈਣਗੇ ਅਤੇ ਗਵਰਨਰ ਦਾ ਵੀ ਮੱਕੂ ਠੱਪਣਾ ਪੈਣਾ ਹੈ।

ਦੁਰਗਾ ਭਾਬੀ : ਇਸ ਤੋਂ ਪਿੱਛੋਂ ਭਾਬੀ ਦੁਰਗਾ ਦੇਵੀ ਨੇ ਕਿਹਾ, ”ਹੁਣ ਇਸ ਕੰਮ ਲਈ ਬੰਦਿਆਂ ਦੀ ਚੋਣ ਕਰ ਲਉ।

ਭਗਤ ਸਿੰਘ : ਕਹਿੰਦਾ ਹੈ ਉਹ ਮੇਰੇ ਹੱਥੋਂ ਮਰਨਾ ਚਾਹੀਦਾ ਹੈ।
ਰਾਜਗੁਰੂ, ਸੁਖਦੇਵ, ਜੈਗੋਪਾਲ ਤੇ ਭਾਬੀ ਵੀ ਤਿਆਰ ਹੋ ਗਏ।

ਮੀਟਿੰਗ ਦਾ ਦ੍ਰਿਸ਼ : ਅਗਲੀ ਮੀਟਿੰਗ 15.12.1928 ਨੂੰ ਦੁਪਿਹਰ ਸਮੇਂ ਪੰਜ ਸਾਥੀਆਂ ਦੀ ਮੀਟਿੰਗ ਹੋਈ। ਇਸ ਮੀਟਿੰਗ ਦੀ ਅਗਵਾਈ ਚੰਦਰ ਸ਼ੇਖਰ ਆਜ਼ਾਦ ਦੀ ਪ੍ਰਧਾਨਗੀ ਹੇਠਾਂ ਹੋਈ। ਚੰਦਰ ਸ਼ੇਖਰ ਆਜ਼ਾਦ,'' ਇਹ ਕੰਮ ਤੀਵੀਆਂ ਤੋਂ ਨਹੀਂ ਕਰਵਾਉਣਾ ਉਹ ਇਨਕਲਾਬੀਆਂ ਨੂੰ ਲਾਹੌਰੋਂ ਬਾਹਰ ਕੱਢਣ ਵਿੱਚ ਸਹਾਇਤਾ ਕਰਨਗੀਆਂ।”
ਅਖੀਰ ਫੈਸਲਾ ਹੋ ਗਿਆ ਰਾਜਗੁਰੂ, ਸੁਖਦੇਵ, ਭਗਤ ਸਿੰਘ, ਜੈ ਗੋਪਾਲ ਤੇ ਚੰਦਰ ਸ਼ੇਖਰ ਆਜ਼ਾਦ ਸਕਾਟ ਦਾ ਮੱਕੂ ਠੱਪਣਗੇ।
ਜੈ ਗੋਪਾਲ ਨੂੰ ਕੰਮ ਸੌਂਪਿਆ ਗਿਆ ਕਿ ਉਹ ਸਕਾਟ ਦੀ ਨਿਗਰਾਨੀ ਕਰਕੇ, ਉਸ ਦੇ ਦਫ਼ਤਰ ਦੇ ਰਾਹ ਦੇ ਆਣ ਜਾਣ ਦੀ ਸੂਹ ਦੇਣਗੇ।
ਜੈ ਗੋਪਾਲ ਸਕਾਟ ਦੇ ਦਫ਼ਤਰ ਵਿਚ ਆਉਣ-ਜਾਂਣ ਬਾਰੇ ਦੱਸਦਾ ਹੈ। ਸਕਾਟ ਦੇ ਦਰਵਾਜੇ ਵਿੱਚੋਂ ਤੇ ਰੁਮਾਲ ਨਾਲ ਇਸ਼ਾਰਾ ਕਰ ਦੇਵੇ। ਭਗਤ ਸਿੰਘ ਬੋਲਦਾ ਹੈ, ”ਦੇਖੀ ਉਏ ਸਕਾਟ ਦੀ ਥਾਂ ਕੋਈ ਹੋਰ ਗੋਰਾ ਨਾ ਮਰਵਾ ਦੇਵੀਂ, ਇਹ ਸਮਾਂ ਮੁੜ ਹੱਥ ਨੀਂ ਆਉਣਾ।

ਸਕਾਟ ਦੇ ਦਫ਼ਤਰ ਦੇ ਬਾਹਰਲਾ ਦ੍ਰਿਸ਼ : 17.12.1928 ਨੂੰ ਚੰਦਰ ਸ਼ੇਖਰ ਆਜ਼ਾਦ ਤੇ ਭਗਤ ਸਿੰਘ ਸਾਈਕਲ ਉੱਤੇ ਪਹੁੰਚ ਗਏ। ਬਾਕੀ ਸਾਥੀ ਪੈਦਲ ਪਹੁੰਚ ਗਏ। 4:20 ਮਿੰਟ ਤੇ ਜੇ.ਪੀ ਸਾਂਡਰਸ ਦਫ਼ਤਰ ਵਿੱਚੋਂ ਬਾਹਰ ਆਉਦਾ ਹੈ ਗੋਪਾਲ ਨੂੰ ਸਮਝ ਲੱਗੀ ਕਿ ਇਹ ਸਕਾਟ ਹੈ ਉਸ ਦੇ ਰਾਜਗੁਰੂ ਤੇ ਭਗਤ ਸਿੰਘ ਨੂੰ



ਇਸ਼ਾਰਾ ਕਰ ਦਿੱਤਾ।
ਰਾਜਗੁਰੂ ਨੇ ਗੋਲੀ ਚਲਾ ਦਿੱਤੀ। ਸਾਂਡਰਸ ਡਿਗ ਪਿਆ ਭਗਤ ਸਿੰਘ ਨੇ ਕੋਲ ਜਾ ਕੇ ਪੰਜ ਗੋਲੀਆਂ ਉਹਦੀ ਧੌਣ ਵਿੱਚ ਹੋਰ ਮਾਰੀਆਂ।

ਮੁਨਸ਼ੀ ਚੰਨਣ ਸਿੰਘ ਰੋਲਾ ਪਾਉਣ ਲੱਗਾ : ਮੁਨਸ਼ੀ ਚੰਨਣ ਸਿੰਘ ਸਾਂਡਰਸ ਦੇ ਗੋਲੀਆਂ ਵੱਜੀਆਂ ਦੇਖ ਰਿਹਾ ਸੀ ਪਰ ਉਹ ਡਰਦਾ ਹੋਇਆ ਅੱਗੇ ਨਾ ਵਧਿਆ ਜਦੋਂ ਇਨਕਲਾਬੀ ਦੂਰ ਚਲੇ ਗਏ। ਕਪਤਾਨ ਮਾਰ ਦਿੱਤਾ, ਫੜੋਂ ਫੜੋਂ ਫੜੋਂ ਉਹ ਭੱਜ ਗਏ।”

ਇਨਸਪੈਕਟਰ ਦਾ ਦ੍ਰਿਸ਼ : ਰੌਲਾ ਸੁਣ ਕੇ ਇਨਸਪੈਕਟਰ ਆ ਗਿਆ ਪਰ ਉਸ ਨੇ ਇਨਕਲਾਬੀ ਤੋਂ ਡਰਦੇ ਨੇ ਪਿੱਛੋ ਜਾਣ ਦਾ ਹੀਆ ਨਾ ਕੀਤਾ।

ਸੂਤਰਧਾਰ : ਇਸ ਤਰ੍ਹਾਂ ਇਨਕਾਬੀਆਂ ਨੇ ਡਿਪਟੀ ਸੁਪਰਡੈਂਟ ਜੇ.ਪੀ. ਸਾਂਡਰਸ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਅਤੇ ਉੱਥੋਂ ਚੱਲੇ ਗਏ।

ਡੀ.ਏ.ਵੀ ਕਾਲਜ ਦਾ ਦ੍ਰਿਸ਼ : ਰਾਜਗੁਰੂ, ਭਗਤ ਸਿੰਘ, ਸੁਖਦੇਵ ਤੇ ਜੈ ਗੋਪਾਲ ਵਿਉਂਤਬੰਦੀ ਨਾਲ ਕੋਰਟ ਸਟਰੀਟ ਵਿੱਚ ਡੀ.ਏ.ਵੀ ਕਾਲਜ਼ ਵਿਚ ਜਾ ਵੜੇ। ਮੁਨਸ਼ੀ ਚੰਨਣ ਸਿੰਘ ਇਨਾਮ ਲੈਣ ਦੇ ਲੋਭ ਵਿੱਚ ਸੁਖਦੇਵ ਦੇ ਮਗਰ ਦੌੜ ਪਿਆ।

ਚੰਦਰ ਸ਼ੇਖਰ ਆਜ਼ਾਦ : ਚੰਦਰ ਸ਼ੇਖਰ ਆਜ਼ਾਦ ਡੀ.ਏ.ਵੀ.ਕਾਲਜ ਦੇ ਅਹਾਤੇ ਵਿੱਚ ਸਹਿ ਲੈ ਕੇ ਬੈਠਾ ਸਭ ਕੁੱਝ ਦੇਖ ਰਿਹਾ ਸੀ। ਜਦੋਂ ਮੁਨਸ਼ੀ ਚੰਨਣ ਸਿੰਘ ਸੁਖਦੇਵ ਵੱਲ ਮਗਰ ਵਧ ਰਿਹਾ ਸੀ ਤਾਂ ਚੰਦਰ ਸ਼ੇਖਰ ਆਜ਼ਾਦ ਨੇ ਮੁਨਸ਼ੀ ਚੰਨਣ ਸਿੰਘ ਦੇ ਗੋਲੀ ਮਾਰ ਦਿੱਤੀ। ਚੰਨਣ ਸਿੰਘ ਗੋਲੀ ਵੱਜਣ ਸਾਰ ਡਿੱਗ ਪਿਆ ਅਤੇ ਮਰ ਗਿਆ।

ਅੰਗਰੇਜ਼ ਪੁਲਿਸ ਦਾ ਦ੍ਰਿਸ਼ : ਸਿਪਾਹੀਆਂ ਦਾ ਪਿੱਛੇ ਜਾਣ ਦਾ ਹੌਸਲਾ ਨਾ ਪਿਆ ਅਤੇ ਉਹ ਵਿਉਂਤਬੰਦੀ ਨਾਲ ਹੋਸਟਲ ਦੇ ਪਿਛਲੇ ਦਰਵਾਜੇ ਰਾਹੀਂ ਨਿਕਲ ਗਏ।

ਰੇਡੀਓ ਤੋਂ ਖ਼ਬਰਾਂ : ਲਾਹੌਰ ਰੇਡੀਓ ਸਟੇਸ਼ਨ ਤੋਂ ਸਾਂਡਰਸ ਦੇ ਗੋਲੀ ਮਾਰੇ ਜਾਣ ਦੀਆਂ ਖ਼ਬਰਾਂ ਆਉਣੀਆਂ ਆਰੰਭ ਹੋਈਆਂ। ਖ਼ਬਰਾਂ ਸੁਣ ਕੇ ਸਾਰੇ ਪਾਸੇ ਸਨਾਟਾ ਛਾ ਗਿਆ। ਸਾਰੇ ਹਿੰਦੁਸਤਾਨ ਵਿੱਚ ਖ਼ਬਰ ਫੈਲ ਗਈ ਕਿ ਸਾਂਡਰਸ ਦੀ ਇਨਕਲਾਬੀਆਂ

ਵੱਲੋਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਕਈ ਗੋਰੇ ਡਰਦੇ ਹੋਏ ਹਿੰਦੁਸਤਾਨ ਛੱਡਣ ਲੱਗੇ ਅਤੇ ਕਈ ਆਪਣੇ ਦੇਸ ਵਾਪਸ ਪਰਤਣ ਦੀਆਂ ਤਿਆਰੀਆਂ ਕਰਨ ਲੱਗੇ। ਸਾਰੇ ਪਾਸੇ ਹਾਹਾਕਾਰ ਮੱਚ ਗਹੀ ਸੀ। ਕਾਤਲ ਡੀ.ਏ. ਵੀ ਕਾਲਜ ਵਿੱਚ ਸਾਇਕਲਾਂ ਉੱਤੇ ਚੜ ਕੇ ਭੱਜਣ ਵਿੱਚ ਸਫ਼ਲ ਹੋ ਗਏ। ਉਨ੍ਹਾਂ ਦਾ ਪਿੱਛਾ ਕਰਨ ਵਾਲੇ ਮੁਨਸ਼ੀ ਚੰਨਣ ਸਿੰਘ ਦਾ ਵੀ ਇਨਕਲਾਬੀਆਂ ਨੇ ਗੋਲੀ ਮਾਰ ਕੇ ਘੋਗਾ ਚਿੱਤ ਕਰ ਦਿੱਤਾ।

ਪਿੰਡ ਦੇ ਵਾਸੀਆਂ ਦਾ ਦ੍ਰਿਸ਼ : ਇਹ ਖ਼ਬਰ ਸੁਣ ਰਹੇ ਸਨ ਅਤੇ ਆਪਸੀ ਗੱਲਾਬਾਤਾ ਕਰਦੇ ਹਨ।

ਹਿੰਦੁਸਤਾਨੀ ਪਾਤਰ : ਇਹ ਤਾਂ ਇਨਕਲਾਬੀਆਂ ਦੇ ਸਲਾਘਾਯੋਗ ਕਦਮ ਪੁੱਟਿਆ।

ਦੂਸਰਾ ਪਾਤਰ : ਲੈ ਲਿਆ ਬਦਲਾ ਲਾਲਾ ਜੀ ਦੇ ਸਿਰ ਉੱਪਰ ਵੱਜੀਆਂ ਲਾਠੀਆਂ ਦਾ।

ਤੀਸਰਾ ਪਾਤਰ : ਗੱਡ ਤਾਂ ਅੰਗਰੇਜ਼ ਸਰਕਾਰ ਦੇ ਤਾਬੂਤ ਵਿੱਚ ਕਿੱਲ।

ਸੂਤਰਧਾਰ : ਭਗਤ ਸਿੰਘ ਦਾ ਲਾਹੌਰ ਵਿੱਚੋਂ ਭੇਸ ਬਦਲ ਕੇ ਬਚ ਨਿਕਲਣ ਦਾ ਦ੍ਰਿਸ਼: ਭਗਤ ਸਿੰਘ ਡੀ.ਏ.ਵੀ ਕਾਲਜ਼ ਲਾਹੌਰ ਵਿੱਚੋਂ ਨਿਕਲਣ ਤੋਂ ਪਹਿਲਾਂ ਉਨ੍ਹਾਂ ਨੇ ਆਪਣਾ ਭੇਸ ਬਦਲ ਲਿਆ ਸੀ ਤਾਂ ਅੰਗਰੇਜ਼ ਸਰਕਾਰ ਪਛਾਣ ਨਾ ਸਕੇ।

ਭਗਤ ਸਿੰਘ ਦਾ ਦ੍ਰਿਸ਼ : ਭਗਤ ਸਿੰਘ ਆਪਣੇ ਦਾੜ੍ਹੀ ਕੇਸ ਕਟਾ ਕੇ, ਇਕ ਸੂਟ ਪਾਇਆ ਅਤੇ ਹੈਟ (ਟੋਪ) ਲੈ ਲਈ।

ਮਿੱਤਰ: (ਭਗਤ ਸਿੰਘ ਦਾ) : ਹੁਣ ਕਿੱਥੇ ਜਾਉਂਗੇ?

ਭਗਤ ਸਿੰਘ : ਦੁਰਗਾ ਭਾਬੀ ਦੇ ਘਰ

ਭਗਤ ਸਿੰਘ ਦਾ ਦੋਸਤ : ਕੁੱਝ ਖ਼ਰਚ ਪਾਣੀ ਹੈ ਪਾਸ

ਭਗਤ ਸਿੰਘ : ਮੇਰੇ ਕੋਲ ਦੋ ਸੋ ਹੈਗਾ

ਮਿੱਤਰ : ਸੋ ਰੁਪਏ ਹੋਰ ਲੈ ਜਾ ਤੈਨੂੰ ਲੋੜ ਪਵੇਗੀ

ਭਗਤ ਸਿੰਘ : ਚੰਗਾ ਤੇਰੀ ਮਰਜ਼ੀ

ਦੁਰਗਾ ਦੇਵੀ ਦੇ ਘਰ ਦਾ ਦ੍ਰਿਸ਼ : ਭਗਤ ਸਿੰਘ ਦੁਰਗਾ ਦੇਵੀ ਦੇ ਘਰ ਪਹੁੰਚਦਾ ਹੈ। ਭਾਬੀ ਦੁਰਗਾ ਪਹਿਲਾਂ ਤਾਂ ਉਸ ਨੂੰ ਪਛਾਣ ਨਾ ਸਕੀ ਤੇ ਭਗਤ ਸਿੰਘ ਦੁਆਰਾ ਦੱਸਣ ਤੇ ਪਤਾ ਲੱਗਾ।

ਦੁਰਗਾ ਭਾਬੀ : ਪਾਪੀ ਸਕਾਟ ਮਾਰ ਦਿੱਤਾ।



ਭਗਤ ਸਿੰਘ : ਦੋ ਬੰਦਿਆਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਇੱਕ ਜ਼ਰੂਰ ਗੋਰਾ ਸੀ ਤੇ ਜਲਦੀ ਤਿਆਰ ਹੋਣ ਲਈ ਕਿਹਾ ਦੁਰਗਾ ਤਿਆਰ ਹੁੰਦੀ ਹੈ।

ਸੂਤਰਧਾ : ਇਸ ਤਰ੍ਹਾਂ ਦੇਸ਼ ਦੀ ਆਜ਼ਾਦੀ ਵਿੱਚ ਔਰਤਾਂ ਨੇ ਵੀ ਬਹੁਤ ਯੋਗਦਾਨ ਪਾਇਆ। ਜਿਸ ਤਰ੍ਹਾਂ ਦੁਰਗਾ ਭਾਬੀ ਜਿੱਥੇ ਦਲੇਰ ਤੇ ਹਿੰਮਤੀ ਔਰਤ ਸੀ, ਉੱਥੇ ਕ੍ਰਾਂਤੀਕਾਰੀ ਔਰਤ ਵਜੋਂ ਪੇਸ਼ ਹੋਈ। ਲਾਹੌਰ ਵਿੱਚ ਭਗਤ ਸਿੰਘ ਹੋਰਾਂ ਨੂੰ ਕੱਢਣ ਵਿੱਚ ਦੁਰਗਾ ਦੇਣੀ ਦਾ ਹੱਥ ਸੀ।

ਟਾਂਗੇ ਦਾ ਦ੍ਰਿਸ਼ : ਭਗਤ ਸਿੰਘ, ਦੁਰਗਾ ਦੇਵੀ, ਬੱਚਾ ਅਤੇ ਰਾਜਗੁਰੂ ਟਾਂਗੇ ਉੱਤੇ ਸਵਾਰ ਹੋ ਕੇ ਲਾਹੌਰ ਸਟੇਸ਼ਨ ਤੇ ਪਹੁੰਚਦੇ ਹਨ।

ਰੇਲਵੇ ਸਟੇਸ਼ਨ ਅਤੇ ਰੇਲ ਗੱਡੀ ਦੇ ਡੱਬੇ ਦਾ ਦ੍ਰਿਸ਼ : ਰੇਲਵੇ ਸਟੇਸ਼ਨ ਉੱਪਰ ਯਾਤਰੀਆਂ ਦਾ ਆਪਸੀ ਗੱਲਬਾਤਾਂ ਅਤੇ ਰੋਲਾ ਰੱਪੇ ਦੀਆਂ ਆਵਾਜ਼ਾਂ ਵੀ ਸੁਣ ਰਹੀਆਂ ਸਨ। ਮਰੂੰਡੇ ਵੇਚਣ ਵਾਲੇ, ਮੂੰਗਫਲੀਆਂ ਵੇਚਣ ਵਾਲੇ ਅਤੇ ਚਾਹ ਵਾਲੇ ਦੀਆਂ ਆਵਾਜ਼ਾਂ ਵੀ ਸੁਣ ਰਹੀਆਂ ਸਨ। ਗੱਡੀ ਰੇਲਵੇ ਸਟੇਸ਼ਨ ਤੇ ਪਹੁੰਚੀ ਤੇ ਭਗਤ ਸਿੰਘ ਨੇ ਕਾਕੇ ਨੂੰ ਕੁੱਛੜ ਚੁੱਕਿਆ ਹੋਇਆ ਸੀ ਤੇ ਰਾਜਗੁਰੂ ਨੌਕਰ ਬਣਿਆ ਹੋਇਆ ਸੀ। ਕੋਈ ਵੀ ਸਿਪਾਹੀ ਉਨ੍ਹਾਂ ਨੂੰ ਪਛਾਣ ਨਾ ਸਕਿਆ ਕਿ ਭਗਤ ਸਿੰਘ ਲਾਹੌਰ ਸਾਫ ਬਚ ਕੇ ਨਿਕਲ ਗਏ। ਉਹ ਲਾਹੌਰ ਤੋਂ ਲਖਨਾਊ ਤੇ ਕੁੱਝ ਸਮੇਂ ਪਿੱਛੋਂ ਕੁਲਕੱਤੇ ਨੂੰ ਚਲਾ ਗਿਆ।

ਚੰਦਰ ਸ਼ੇਖਰ ਆਜ਼ਾਦ : ਚੰਦਰ ਸ਼ੇਖਰ ਆਜ਼ਾਦ ਨੇ ਸਾਧੂਆਂ ਵਾਲਾ ਚੋਲਾ ਪਾ ਕੇ ਇਕ ਟੋਲੀ ਦਾ ਮੁਖੀ ਬਣ ਗਿਆ। ਉਹ ਹੱਥ ਵਿੱਚ ਗੀਤਾ ਫੜ ਕੇ ਗੱਡੀ ਤੇ ਚੜ੍ਹ ਗਿਆ। ਉਸ ’ਤੇ ਕਿਸੇ ਵੀ ਅੰਗਰੇਜ਼ ਸਿਪਾਹੀ ਨੂੰ ਸ਼ੱਕ ਨਾ ਹੋਇਆ ਤੇ ਉਹ ਬਚ ਕੇ ਨਿਕਲ ਗਿਆ।

ਸੂਤਰਧਾਰ : ਇਸ ਤਰ੍ਹਾਂ ਭਗਤ ਸਿੰਘ ਅਤੇ ਉਸ ਦੇ ਸਾਥੀ ਲਾਹੌਰ ਵਿੱਚੋਂ ਬਹੁਤ ਹੁਸ਼ਿਆਰੀ ਨਾਲ ਬਚ ਕੇ ਨਿਕਲ ਗਏ। ਸਾਂਡਰਸ ਦੀ ਇਨਕਲਾਬੀਆਂ ਵੱਲੋਂ ਗੋਲੀ ਮਾਰ ਕੇ ਕੀਤੀ ਹੱਤਿਆ ਤੋਂ ਡਰਦੇ ਹੁਣ ਹਿੰਦੁਸਤਾਨ ਵਿੱਚੋਂ ਗੋਰੇ ਆਪਣੇ ਪਰਿਵਾਰਾਂ ਸਮੇਤ ਵਾਪਸ ਵਲੈਤ ਜਾਣ ਲੱਗੇ। ਦੂਸਰੇ ਪਾਸੇ ਹਿੰਦੁਸਤਾਨੀ ਸੂਰਮਿਆਂ ਨੇ ਵਿਉਂਤਬੰਦੀ ਨਾਲ ਕੰਮ ਕਰਨ ਲੱਗੇ। ਇਸ ਤਰ੍ਹਾਂ ਵੱਖ-ਵੱਖ ਥਾਵਾਂ ’ਤੇ

ਇਨਕਲਾਬੀਆਂ ਦੀਆਂ ਗੁਪਤ ਮੀਟਿੰਗਾਂ ਹੋਣ ਲੱਗੀਆਂ। ਹੁਣ ਭਗਤ ਸਿੰਘ ਹੁਰਾਂ ਦੀ ਆਪਣੇ ਸਾਥੀਆਂ ਨਾਲ ਅਗਲੀ ਮੀਟਿੰਗ ਆਗਰੇ ਦੇ ਹੀਰਾ ਕੀ ਮੰਡ ਵਿੱਚ ਹੁੰਦੀ ਹੈ।

ਹੀਰਾ ਕੀ ਮੰਡ ਹਾਊਸ
ਆਗਰੇ ਵਿੱਚ ਮੀਟਿੰਗ ਦਾ ਦ੍ਰਿਸ਼ :

ਇਸ ਮੀਟਿੰਗ ਵਿੱਚ ਬਹੁਤ ਸਾਰੇ ਸਾਥੀ ਸ਼ਾਮਲ ਹੁੰਦੇ ਹਨ ਜਿਨ੍ਹਾਂ ਵਿੱਚ ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ, ਤਾਰਾ ਚੰਦ।

ਭਗਤ ਸਿੰਘ : ਅੰਗਰੇਜ਼ ਸਰਕਾਰ ਤੋਂ ਇਨਸਾਫ਼ ਦੀ ਕੋਈ ਉਮੀਦ ਨਹੀਂ ਰੱਖੀ ਜਾ ਸਕਦੀ। ਉਹ ਸਖ਼ਤ ਕਾਨੂੰਨ ਬਣਾ ਕੇ ਹਿੰਦਸਤਾਨ ਵਾਸੀਆਂ ਨੂੰ ਦਬਾਉਣਾ, ਲੁੱਟਣਾ ਅਤੇ ਮਾਰ ਦੇਣਾ ਚਾਹੁੰਦੇ ਹਨ। ਹੋਰ ਵੀ ਸਖ਼ਤ ਤੋਂ ਸਖ਼ਤ ਕਾਨੂੰਨ ਬਣਾਉਣਗੇ। ਚੂੰ ਕਰਨ ਤੇ ਗੋਲੀਆਂ ਚਲਣਗੀਆਂ। ਅੱਗੇ ਦੇਖਿਓ ਕੀ-ਕੀ ਵਾਪਰਦਾ?

ਤਾਰਾ ਚੰਦ : ਇਸ ਦਾ ਹੱਲ?

ਭਗਤ ਸਿੰਘ : ਕੁਰਬਾਨੀ, ਚੰਦਰ ਸ਼ੇਖਰ ਆਜ਼ਾਦ ਪਰ ਇਹ ਹੋਊ ਕਿਵੇਂ

ਭਗਤ ਸਿੰਘ : ਜਿਸ ਦਿਨ ਅਸੈਂਬਲੀ ਵਿੱਚ ਸੇਫਟੀ ਐਕਟ ਪੇਸ਼ ਹੋਵੇ ਇਸ ਤੇ ਬਹਿਸ ਹੋਵੇ, ਵੋਟਾਂ ਪੈਣ ਉਸ ਵੇਲੇ ਹਾਲ ਵਿੱਚ ਬੰਬ ਸੁਟੇ ਜਾਣ ਅਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਾਏ ਜਾਣ ਤਾਂ ਫਰੰਗੀਆਂ ਨੂੰ ਪਤਾ ਲੱਗ ਜਾਵੇ ਕਿ ਹਿੰਦੁਸਤਾਨ ਦੇ ਜਵਾਨ ਹੁਣ ਜਾਗ ਪਏ ਹਨ। ਇਨਕਲਾਬ ਆ ਰਿਹਾ ਹੈ ਏ, ਇੱਟ ਦਾ ਜਵਾਬ ਪੱਥਰ ਨਾਲ ਦੇਵਾਂਗੇ। ਹੁਣ ਇਹੋ ਜਿਹੇ ਕਾਨੂੰਨਾਂ ਦਾ ਸਮਾਂ ਨਹੀਂ ਰਹਿਣ ਦੇਵਾਂਗੇ ਜੋ ਸਾਡੇ ਹਿੰਦਸਤਾਨੀਆਂ ਦੇ ਵਿਰੁੱਧ ਵਿੱਚ ਹੈ। ਹਿੰਦੁਸਤਾਨੀਆਂ ਨੂੰ ਦਬਾਇਆ ਜਾਂਦਾ ਹੈ। ਹੁਣ ਕੋਈ ਵੀ ਹਿੰਦੁਸਤਾਨ ਦਾ ਵਾਸੀ ਦੱਬੇਗਾ ਨਹੀਂ।

ਸੂਤਰਧਾਰ : ਅਖੀਰ ਫੈਸਲਾ ਹੋ ਗਿਆ। ਅਸੈਂਬਲੀ ਵਿੱਚ ਬੰਬ ਸੁੱਟਣ ਦੇ ਸੁਝਾਉ ਤੇ ਵਿਸਥਾਰ ਨਾਲ ਵਿਚਾਰ ਹੋਏ। ਅਸੈਂਬਲੀ ਵਿੱਚ ਜਾਣ ਲਈ ਦਰਸ਼ਕ-ਪਾਸਾਂ ਦਾ ਪ੍ਰਬੰਧ ਕੀਤਾ ਗਿਆ। ਅਸੈਂਬਲੀ ਵਿੱਚ ਬੰਬ ਸੁੱਟੇ ਜਾਣ ਦਾ ਮਕਸਦ ਕਿਸੇ ਵੀ ਮਨੁੱਖ ਦਾ ਜਾਨੀ ਨੁਕਸਾਨ ਨਹੀਂ ਕਰਨਾ ਸੀ। ਸਿਰਫ਼ ਅੰਗਰੇਜ਼ ਸਰਕਾਰ ਨੂੰ ਹਿੰਦੁਸਤਾਨ ਵਿੱਚੋਂ ਕੱਢਣ



ਦਾ ਮਕਸਦ ਸੀ। ਅਖੀਰ ਬਹੁਤ ਹੀ ਹੁਸ਼ਿਆਰੀ ਅਤੇ ਵਿਉਂਤਬੰਦੀ ਨਾਲ ਭਗਤ ਸਿੰਘ ਅਤੇ ਬੀ.ਕੇ. ਦੱਤ ਅਸੈਂਬਲੀ ਵਿਚ ਦਾਖਲ ਹੋ ਗਏ।

ਅਸੈਂਬਲੀ ਵਿੱਚ ਬੰਬ ਸੁੱਟੇ
ਜਾਣ ਦਾ ਦ੍ਰਿਸ਼ : ਇਸ ਤਰ੍ਹਾਂ 8 ਅਪ੍ਰੈਲ 1929 ਨੂੰ ਅਸੈਂਬਲੀ ਵਿੱਚ ਵੱਖ-ਵੱਖ ਮੈਂਬਰ ਦਾਖਲ ਹੁੰਦੇ ਹਨ। ਇਸ ਮੀਟਿੰਗ ਵਿੱਚ ਫਰੈਂਚ ਚੈਮਬਰ, ਮੁਹੰਮਦ ਅਲੀ ਜਨਾਂ, ਮਦਨ ਮੋਹਨ, ਮਲਾਇਵਾ, ਜੋਨ ਸਾਈਮਨ, ਵਕੀਲ ਆਸੀਫ ਅਲੀ, ਏ.ਸੀ.ਪੀ. ਜੌਹਨ ਸੈਂਡਰਸ, ਰਾਜਗੁਰੂ, ਸੁਖਦੇਵ ਆਦਿ ਮੈਂਬਰ ਆਪੋ-ਆਪਣੀਆਂ ਕੁਰਸੀਆਂ ਤੇ ਬਿਰਾਜਮਾਨ ਹੁੰਦੇ ਹਨ ਅਤੇ ਭਗਤ ਸਿੰਘ ਅਤੇ ਬੀ.ਕੇ. ਦੱਤ ਬਿਨਾਂ ਕਿਸੇ ਨੂੰ ਸ਼ੱਕ ਹੋਣ ਤੋਂ ਕੁਰਸੀਆਂ 'ਤੇ ਬੈਠ ਜਾਂਦੇ ਹਨ। ਪ੍ਰਧਾਨ ਫੈਸਲਾ ਦੱਸਣ ਲਈ ਉੱਠਿਆ।

ਭਗਤ ਸਿੰਘ : ਖੜਾ ਹੋ ਕੇ ਇੱਕ ਬੰਬ ਗ੍ਰਹਿ ਵਿਭਾਗੀਆਂ ਦੇ ਪਿਛਲੇ ਪਾਸੇ ਸੁੱਟ ਦਿੱਤਾ ਤਾਂ ਜੋ ਵਿਠਲ ਭਾਈ ਪਟੇਲ (ਪ੍ਰਧਾਨ) ਅਤੇ ਮੋਤੀ ਲਾਲ ਨਹਿਰੂ ਜੀ ਨੂੰ ਸਟ ਚੋਟ ਨਾ ਲੱਗੇ। ਹਫੜਾ-ਦਫ਼ੜੀ ਪੈ ਗਈ ਤੇ ਭਗਤ ਸਿੰਘ ਨੇ ਦੂਸਰਾ ਬੰਬ ਵੀ ਸੁੱਟ ਦਿੱਤਾ। ਪ੍ਰਧਾਨ ਕੁਰਸੀ ਛੱਡ ਕੇ ਆਪਣੇ ਕਮਰੇ ਵੱਲ ਭੱਜ ਗਿਆ।

ਭਗਤ ਸਿੰਘ ਤੇ ਬੀ.ਕੇ. ਦੱਤ ਇਨਕਲਾਬ ਜ਼ਿੰਦਾਬਾਦ ਬਰਤਾਨਵੀ ਸਾਮਰਾਜ ਮੁਰਦਾਬਾਦ ਦੇ ਨਾਅਰੇ ਲਾਉਂਦੇ ਰਹੇ ਅਤੇ ਹਾਲ ਵਿੱਚ ਪਰਚੇ ਸੁੱਟਦੇ ਰਹੇ ਤਾਂ ਜੋ ਮੈਂਬਰਾਂ ਨੂੰ ਪਤਾ ਲੱਗ ਜਾਵੇ ਉਨ੍ਹਾਂ ਦਾ ਉਦੇਸ਼ ਕੀ ਸੀ। ਅਖੀਰ ਭਗਤ ਸਿੰਘ ਅਤੇ ਬੀ.ਕੇ. ਦੱਤ ਇਨਕਲਾਬ ਜ਼ਿੰਦਾਬਾਦ
ਬਰਤਾਨਵੀ ਸਾਮਰਾਜ ਮੁਰਦਾਬਾਦ
ਇਨਕਲਾਬ ਜ਼ਿੰਦਾਬਾਦ
ਬਰਤਾਨਵੀ ਸਾਮਰਾਜ ਮੁਰਦਾਬਾਦ
ਦੇ ਨਾਅਰੇ ਲਾਉਂਦੇ ਰਹੇ।

**ਡਾ. ਬਲਕਰਨ ਸਿੰਘ ਭਾਗਸਰੀਆ**
ਅਸਿਸਟੈਂਟ ਪ੍ਰੋਫ਼ੈਸਰ,
ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ
ਮੋ. 9878964100

◆◆◆